ਰੋਜ਼ਾਨਾ ਸੱਚ ਤੇ ਨਿਡਰ ਆਵਾਜ਼
ਲੋਕ ਬਾਣੀ
ਵੀਰਵਾਰ, 05 ਮਈ 2022
dailylokbani
Email : lokbani08@gmail.com

# ਸਪੈਸ਼ਲ ਵੀਰਵਾਰ




# ਗਰਮੀ ਵਿਚ ਝੁਲਸੀ ਚਮੜੀ ਦੀ ਦੇਖਭਾਲ



ਗਰਮੀਆਂ ਦੇ ਮੌਸਮ ਵਿਚ ਤੇਜ਼ ਧੁੱਪ ਵਿਚ ਬਾਹਰ ਘੁੰਮਣ ਨਾਲ ਸੂਰਜ ਦੀਆਂ ਪੈਰਾਬੈਂਗਣੀ ਕਿਰਨਾਂ ਨਾਲ ਟੈਨਿੰਗ ਅਤੇ ਸਨਬਰਨ ਦੀ ਸਮੱਸਿਆ ਆਪਣੇ ਸਿਖਰ @ਤੇ ਹੁੰਦੀ ਹੈ। ਸੂਰਜ ਦੀ ਗਰਮੀ ਅਤੇ ਹਵਾ ਪ੍ਰਦੂਸ਼ਣ ਦੀ ਵਜ੍ਹਾ ਨਾਲ ਚਿਹਰੇ @ਤੇ ਕਿੱਲ, ਮੁਹਾਸੇ, ਛਾਈਆਂ, ਕਾਲੇ ਦਾਗ, ਬਲੈਕ ਹੈੱਡ ਅਤੇ ਪਸੀਨੇ ਦੀ ਬਦਬੂ ਦੀ ਸਮੱਸਿਆ ਆਮ ਹੋ ਜਾਂਦੀ ਹੈ, ਜਿਸ ਨਾਲ ਚਮੜੀ ਨੂੰ ਪੂਰਾ ਗ੍ਰਹਿਣ ਜਿਹਾ ਲੱਗ ਜਾਂਦਾ ਹੈ ਅਤੇ ਤੁਸੀਂ ਘਰੋਂ ਬਾਹਰ ਨਿਕਲਣ ਵਿਚ ਅਸਹਿਜ ਮਹਿਸੂਸ ਕਰਦੇ ਹੋ ਅਤੇ ਮੌਸਮ ਤੁਹਾਡੇ ਲਈ ਪ੍ਰੇਸ਼ਾਨੀ ਦਾ ਸਬੱਬ ਬਣ ਜਾਂਦਾ ਹੈ।

ਇਸ ਸਮੱਸਿਆ ਦਾ ਉਚਿਤ ਹੱਲ ਕੀ ਹੈ ? ਸੂਰਜ ਦੀਆਂ ਕਿਰਨਾਂ ਤੋਂ ਚਮੜੀ ਦੇ ਬਚਾਅ ਲਈ ਸਨਸਕਰੀਨ ਦਾ ਲੇਪ ਕਾਫੀ ਪ੍ਰਭਾਵੀ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਟੋਪੀ ਪਹਿਨਣਾ, ਛਤਰੀ ਲੈ ਕੇ ਚੱਲਣਾ ਅਤੇ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਘਰ ਵਿਚ ਹੀ ਰਹਿਣਾ ਵੀ ਬਦਲਵੇਂ ਉਪਾਅ ਮੰਨੇ ਜਾਂਦੇ ਹਨ। ਜੇ ਤੁਹਾਨੂੰ ਸਿਖਰ ਦੁਪਹਿਰੇ ਘਰੋਂ ਨਿਕਲਣਾ ਹੀ ਪਵੇ ਤਾਂ ਸੂਰਜ ਦੀ ਗਰਮੀ ਤੋਂ ਬਚਾਅ ਕਰਨ ਵਾਲੀ ਸਨਸਕਰੀਨ ਬਾਜ਼ਾਰ ਵਿਚ ਉਪਲਬਧ ਹੈ। ਇਸ ਵਿਚ ਫੇਸ਼ੀਅਲ ਸਕਰੱਬ ਮਹੱਤਵਪੂਰਨ ਭੂਮਿਕਾ ਨਿਭਾਅ ਸਕਦਾ ਹੈ। ਤੁਸੀਂ ਆਪਣੀ ਚਮੜੀ ਦੇ ਅਨੁਰੂਪ ਫੇਸ਼ੀਅਲ ਸਕਰੱਬ ਦੀ ਵਰਤੋਂ ਕਰ ਸਕਦੇ ਹੋ। ਜੇ ਤੁਹਾਡੀ ਚਮੜੀ ਖੁਸ਼ਕ ਹੋਵੇ ਤਾਂ ਹਫ਼ਤੇ ਵਿਚ ਸਿਰਫ ਇਕ ਵਾਰ ਹੀ ਸਕਰੱਬ ਦੀ ਵਰਤੋਂ ਕਰਨੀ ਚਾਹੀਦੀ ਹੈ ਪਰ ਤੇਲੀ ਚਮੜੀ ਵਿਚ ਤੁਸੀਂ ਇਸ ਦੀ ਵਰਤੋਂ ਦੁਹਰਾ ਸਕਦੇ ਹੋ। ਇਸ ਨਾਲ ਚਮੜੀ ਵਿਚ ਮ੍ਰਿਤਕ ਕੋਸ਼ਿਕਾਵਾਂ ਹਟ ਜਾਂਦੀਆਂ ਹਨ, ਜਿਸ ਨਾਲ ਚਮੜੀ ਵਿਚ ਨਿਖਾਰ ਆ ਜਾਂਦਾ ਹੈ ਅਤੇ ਧੁੱਪ ਨਾਲ ਝੁਲਸੀ ਚਮੜੀ ਹਟ ਜਾਂਦੀ ਹੈ। ਤੁਸੀਂ ਆਪਣੀ ਰਸੋਈ ਵਿਚ ਰੱਖੇ ਉਤਪਾਦਾਂ ਤੋਂ ਅਸਾਨੀ ਨਾਲ ਸਕਰੱਬ ਬਣਾ ਸਕਦੇ ਹੋ।

ਜੇ ਦਿਨ ਭਰ ਬਾਹਰ ਰਹਿਣਾ ਤੁਹਾਡੀ ਨੌਕਰੀ ਜਾਂ ਪੇਸ਼ੇਵਰ ਮਜਬੂਰੀ ਹੈ ਤਾਂ ਸ਼ਾਮ ਨੂੰ ਚਿਹਰੇ ਨੂੰ ਠੰਢਕ ਪਹੁੰਚਾਉਣ ਲਈ ਚਿਹਰੇ @ਤੇ ਕੁਝ ਸਮੇਂ ਤੱਕ ਬਰਫ ਦੇ ਟੁਕੜਿਆਂ ਨੂੰ ਰੱਖੋ। ਇਸ ਨਾਲ ਸੂਰਜ ਦੀ ਧੁੱਪ ਨਾਲ ਹੋਏ ਨੁਕਸਾਨ ਤੋਂ ਰਾਹਤ ਮਿਲੇਗੀ ਅਤੇ ਚਮੜੀ ਵਿਚ ਨਮੀ ਵਧੇਗੀ। ਚਿਹਰੇ @ਤੇ ਟਮਾਟਰ ਦੀ ਲੁਗਦੀ ਲਗਾਉਣ ਨਾਲ ਵੀ ਗਰਮੀਆਂ ਵਿਚ ਝੁਲਸੀ ਚਮੜੀ ਨੂੰ ਕਾਫੀ ਸਕੂਨ ਮਿਲਦਾ ਹੈ। ਗਰਮੀਆਂ ਵਿਚ ਚਮੜੀ @ਤੇ ਸਨਬਰਨ ਦੇ ਨੁਕਸਾਨ ਨੂੰ ਘੱਟ ਕਰਨ ਲਈ ਚਿਹਰੇ ਨੂੰ ਵਾਰ-ਵਾਰ ਤਾਜ਼ੇ, ਸਾਫ਼ ਅਤੇ ਠੰਢੇ ਪਾਣੀ ਨਾਲ ਧੋਵੋ। ਚਿਹਰੇ ਨੂੰ ਧੋਣ ਤੋਂ ਬਾਅਦ ਇਸ ਨੂੰ ਤੌਲੀਏ ਨਾਲ ਪੂੰਝਣ ਦੀ ਬਜਾਏ ਆਪਣੇ-ਆਪ ਸੁੱਕਣ ਦਿਓ, ਜਿਸ ਨਾਲ ਚਿਹਰੇ ਵਿਚ ਠੰਢਕ ਬਣੀ ਰਹੇਗੀ। ਗੁਲਾਬ-ਜਲ ਵਿਚ ਤਰਬੂਜ਼ ਦਾ ਰਸ ਮਿਲਾ ਕੇ ਚਿਹਰੇ @ਤੇ ਲਗਾਉਣ ਤੋਂ 20 ਮਿੰਟ ਬਾਅਦ ਤਾਜ਼ੇ ਪਾਣੀ ਨਾਲ ਧੋ ਦੇਣ ਨਾਲ ਸਨਬਰਨ ਦਾ ਅਸਰ ਖ਼ਤਮ ਹੋ ਜਾਵੇਗਾ।



ਸਕਰੱਬ : ਬਦਾਮ ਨਾਲ ਸਭ ਤੋਂ ਬਿਹਤਰੀਨ ਫੇਸ਼ੀਅਲ ਸਕਰੱਬ ਬਣਦਾ ਹੈ। ਬਦਾਮ ਨੂੰ ਗਰਮ ਪਾਣੀ ਵਿਚ ਉਦੋਂ ਤੱਕ ਭਿਉਂ ਕੇ ਰੱਖੋ ਜਦੋਂ ਤੱਕ ਇਸ ਦੀ ਬਾਹਰੀ ਛਿੱਲ ਨਾ ਹਟ ਜਾਵੇ। ਇਸ ਤੋਂ ਬਾਅਦ ਬਦਾਮ ਨੂੰ ਸੁਕਾ ਕੇ ਪੀਸ ਲਓ ਅਤੇ ਇਸ ਪਾਊਡਰ ਨੂੰ ਇਕ ਹਵਾਬੰਦ ਡੱਬੇ ਵਿਚ ਰੱਖ ਲਓ। ਰੋਜ਼ਾਨਾ ਸਵੇਰੇ ਦੋ ਚਮਚ ਪਾਊਡਰ ਵਿਚ ਦਹੀਂ ਜਾਂ ਠੰਢਾ ਦੁੱਧ ਮਿਲਾ ਕੇ ਇਸ ਮਿਸ਼ਰਨ ਨੂੰ ਕੋਮਲਤਾ ਨਾਲ ਚਮੜੀ @ਤੇ ਲਗਾਓ ਅਤੇ ਬਾਅਦ ਵਿਚ ਸਾਫ਼ ਪਾਣੀ ਨਾਲ ਧੋ ਦਿਓ।



ਤੇਲੀ ਚਮੜੀ ਹੋਵੇ ਜਾਂ ਝੁਲਸੀ ਚਮੜੀ ਨੂੰ ਰਾਹਤ ਪ੍ਰਦਾਨ ਕਰਨ ਲਈ ਖੀਰੇ ਦੀ ਲੁਗਦੀ ਨੂੰ ਦਹੀਂ ਵਿਚ ਮਿਲਾਓ ਅਤੇ ਇਸ ਮਿਸ਼ਰਨ ਨੂੰ ਹਰ ਰੋਜ਼ ਚਿਹਰੇ @ਤੇ ਲਗਾਓ। ਇਸ ਮਿਸ਼ਰਨ ਨੂੰ 20 ਮਿੰਟ ਬਾਅਦ ਤਾਜ਼ੇ ਸ਼ੁੱਧ ਪਾਣੀ ਨਾਲ ਧੋ ਦਿਓ ਅਤੇ ਇਹ ਤੇਲੀ ਚਮੜੀ ਲਈ ਸਭ ਤੋਂ ਜ਼ਿਆਦਾ ਫਾਇਦੇਮੰਦ ਹੋਵੇਗਾ।

ਤੇਲੀ ਚਮੜੀ ਲਈ ਟਮਟਾਰ ਦੀ ਲੁਗਦੀ ਵਿਚ ਇਕ ਚਮਚ ਸ਼ਹਿਦ ਮਿਲਾ ਕੇ ਇਸ ਮਿਸ਼ਰਨ ਨੂੰ ਹਰ ਰੋਜ਼ ਚਮੜੀ @ਤੇ ਲਗਾਓ ਅਤੇ 20 ਮਿੰਟ ਬਾਅਦ ਧੋ ਦਿਓ। ਚਮੜੀ ਨੂੰ ਸੂਰਜ ਦੀ ਗਰਮੀ ਨਾਲ ਜਲਣ ਤੋਂ ਬਚਾਉਣ ਲਈ ਰੂੰ ਦੀ ਮਦਦ ਨਾਲ ਠੰਢਾ ਦੁੱਧ ਕੋਮਲਤਾ ਨਾਲ ਹਰ ਰੋਜ਼ ਚਮੜੀ @ਤੇ ਲਗਾਓ। ਇਸ ਨਾਲ ਚਮੜੀ ਨੂੰ ਨਾ ਸਿਰਫ ਰਾਹਤ ਮਿਲੇਗੀ, ਸਗੋਂ ਚਮੜੀ ਕੋਮਲ ਬਣ ਕੇ ਨਿਖਰੇਗੀ। ਲੰਬੇ ਸਮੇਂ ਤੱਕ ਇਸ ਦੀ ਵਰਤੋਂ ਕਰਨ ਨਾਲ ਚਮੜੀ ਦੀ ਰੰਗਤ ਵਿਚ ਨਿਖਾਰ ਆਵੇਗਾ ਅਤੇ ਇਹ ਖੁਸ਼ਕ ਅਤੇ ਸਾਧਾਰਨ ਚਮੜੀ ਦੋਵਾਂ ਲਈ ਫਾਇਦੇਮੰਦ ਸਿੱਧ ਹੋਵੇਗੀ।

ਇਸ ਨੂੰ ਪਾਣੀ ਨਾਲ ਧੋ ਦਿਓ। ਚੌਲਾਂ ਦੇ ਪਾਊਡਰ ਵਿਚ ਦਹੀਂ ਮਿਲਾ ਕੇ ਸਕਰੱਬ ਦੇ ਤੌਰ @ਤੇ ਵਰਤਣ ਨਾਲ ਤੇਲੀ ਚਮੜੀ ਨੂੰ ਰਾਹਤ ਮਿਲਦੀ ਹੈ। ਥੋੜ੍ਹੀ ਜਿਹੀ ਹਲਦੀ ਨੂੰ ਦਹੀਂ ਵਿਚ ਮਿਲਾਓ। ਇਸ ਨੂੰ ਹਰ ਰੋਜ਼ ਚਮੜੀ @ਤੇ ਕੋਮਲਤਾ ਨਾਲ ਲਗਾਓ ਅਤੇ ਅੱਧੇ ਘੰਟੇ ਬਾਅਦ ਤਾਜ਼ੇ ਸ਼ੁੱਧ ਪਾਣੀ ਨਾਲ ਧੋ ਦਿਓ।

ਇਕ ਚਮਚ ਸ਼ਹਿਦ ਵਿਚ ਦੋ ਚਮਚ ਨਿੰਬੂ ਰਸ ਮਿਲਾਓ। ਇਸ ਨੂੰ ਹਰ ਰੋਜ਼ ਚਿਹਰੇ @ਤੇ ਲਗਾਓ ਅਤੇ ਅੱਧੇ ਘੰਟੇ ਬਾਅਦ ਤਾਜ਼ੇ

ਸੂਰਜ ਦੀ ਗਰਮੀ ਨਾਲ ਝੁਲਸੀ ਚਮੜੀ ਦੇ ਇਲਾਜ ਅਤੇ ਬਚਾਅ ਵਿਚ ਤਿਲ ਅਹਿਮ ਭੂਮਿਕਾ ਅਦਾ ਕਰਦੇ ਹਨ। ਮੁੱਠੀ ਭਰ ਤਿਲ ਨੂੰ ਪੀਸ ਕੇ ਇਸ ਨੂੰ ਅੱਧੇ ਕੱਪ ਪਾਣੀ ਵਿਚ ਮਿਲਾ ਲਓ ਅਤੇ ਦੋ ਘੰਟੇ ਤੱਕ ਮਿਸ਼ਰਨ ਨੂੰ ਕੱਪ ਵਿਚ ਰਹਿਣ ਦੇਣ ਤੋਂ ਬਾਅਦ ਪਾਣੀ ਨੂੰ ਪੁਣ ਕੇ ਇਸ ਨਾਲ ਚਿਹਰਾ ਸਾਫ਼ ਕਰ ਲਓ।

## ਬਾਲ ਕਹਾਣੀ : ਪਿਆਰਾ ਭਾਲੂ



ਇੱਕ ਵਾਰ ਦੀ ਗੱਲ ਹੈ। ਇੱਕ ਜੰਗਲ ਸੀ। ਉਸ ਜੰਗਲ ਵਿੱਚ ਇੱਕ ਪਿਆਰਾ ਭਾਲੂ ਰਹਿੰਦਾ ਸੀ। ਜੰਗਲ ਦੇ ਵਿੱਚ ਇੱਕ ਸ਼ਰਾਰਤੀ ਬਾਂਦਰ ਵੀ ਰਹਿੰਦਾ ਸੀ। ਉਹ ਬਾਂਦਰ ਸ਼ਰਾਰਤਾਂ ਕਰਦਾ ਰਹਿੰਦਾ ਅਤੇ ਹੋਰ ਜਾਨਵਰਾਂ ਤੇ ਪੰਛੀਆਂ ਨੂੰ ਤੰਗ - ਪਰੇਸ਼ਾਨ ਕਰਦਾ ਰਹਿੰਦਾ। ਇੱਕ ਦਿਨ ਦੀ ਗੱਲ ਹੈ। ਬਾਂਦਰ ਆਪਣੀ ਮਸਤੀ ਵਿੱਚ ਸੀ। ਬਾਂਦਰ ਇੱਕ ਰੁੱਖ ਉੱਤੇ ਚੜ੍ਹਿਆ ਹੋਇਆ ਸੀ। ਉਸ ਰੁੱਖ ਉੱਤੇ ਪੰਛੀ ਰਹਿੰਦੇ ਸਨ। ਬਾਂਦਰ ਨੇ ਪੰਛੀਆਂ ਨੂੰ ਤੰਗ - ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਬਾਂਦਰ ਰੁੱਖ ਨੂੰ ਜ਼ੋਰ - ਜ਼ੋਰ ਦੀ ਹਿਲਾਉਣ ਲੱਗਾ। ਸਾਰੇ ਪੰਛੀ ਬਹੁਤ ਪ੍ਰੇਸ਼ਾਨ ਹੋਏ। ਅਚਾਨਕ ਹੀ ਬਾਂਦਰ ਹੇਠਾਂ ਡਿੱਗ ਗਿਆ। ਉਸ ਦੇ ਪੈਰ ਨੂੰ ਸੱਟ ਲੱਗ ਗਈ। ਉੱਧਰੋਂ ਪਿਆਰਾ ਭਾਲੂ ਵੀ ਆ ਗਿਆ। ਉਸ ਦਾ ਸੁਭਾਅ ਬਹੁਤ ਚੰਗਾ ਸੀ। ਭਾਲੂ ਹਰ ਕਿਸੇ ਦੀ ਮੱਦਦ ਕਰਦਾ ਸੀ। ਉਸ ਨੇ ਝਟਪਟ ਬਾਂਦਰ ਨੂੰ ਚੁੱਕਿਆ ਅਤੇ ਉਸ ਦੇ ਘਰ ਪਹੁੰਚਾ ਦਿੱਤਾ। ਬਾਂਦਰ ਦੇ ਮਾਤਾ - ਪਿਤਾ ਨੇ ਉਸ ਪਿਆਰੇ ਭਾਲੂ ਦਾ ਧੰਨਵਾਦ ਕੀਤਾ। ਹੁਣ ਸ਼ਰਾਰਤੀ ਬਾਂਦਰ ਨੂੰ ਸਮਝ ਆ ਗਈ ਸੀ ਕਿ ਸ਼ਰਾਰਤਾਂ ਨਹੀਂ ਕਰਨੀਆਂ ਚਾਹੀਦੀਆਂ ਅਤੇ ਦੂਜਿਆਂ ਨੂੰ ਤੰਗ - ਪ੍ਰੇਸ਼ਾਨ ਨਹੀਂ ਕਰਨਾ ਚਾਹੀਦਾ।

**ਸਿੱਖਿਆ : ਇਸ ਕਹਾਣੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਸ਼ਰਾਰਤਾਂ ਨਹੀਂ ਕਰਨੀਆਂ ਚਾਹੀਦੀਆਂ ਅਤੇ ਦੂਜਿਆਂ ਦਾ ਭਲਾ ਕਰਨਾ ਚਾਹੀਦਾ ਹੈ।**

ਰੋਜ਼ਾਨਾ ਲੋਕ ਬਾਣੀ



ਜਸਵਿੰਦਰ ਸਿੰਘ , ਜਮਾਤ ਚੌਥੀ , ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸੈਂਟਰ - ਢੇਰ , ਸਿੱਖਿਆ ਬਲਾਕ - ਸ੍ਰੀ ਅਨੰਦਪੁਰ ਸਾਹਿਬ , ਜ਼ਿਲ੍ਹਾ - ਰੂਪਨਗਰ ( ਪੰਜਾਬ ) ਗਾਈਡ ਅਧਿਆਪਕ ਮਾਸਟਰ ਸੰਜੀਵ ਧਰਮਾਣੀ

## ਮੱਤਲਬ ਪਰੱਸਤ

ਨਾ ਜਾਨੇ ਕਿਉਂ ਆਜ ਭੀ ਦਿਲ ਡਰਤਾ ਹੈ,
ਜਿਸ ਕੀ ਗਵਾਹੀ ਹਰ ਦਿਨ ਬਰਤਾ ਹੈ.

ਹਰ ਤਰਫ ਸੇ ਨਾਸ਼ਾਜ ਖਬਰੇਂ ਸੁਨਤੀ ਹੈ,
ਕੋਈ ਨਾ ਕੋਈ ਸ਼ੱਖਸ਼ ਰੋਜ਼ ਮਰਤਾ ਹੈ.



ਇਸ ਦੌਰ ਮੇ ਹਰ ਸੈਅ ਹੂਈ ਹੈ ਮਹਿੰਗੀ,
ਆਦਮੀ ਖਰੀਦਨੇ ਸੀ ਵੀ ਕੱਤਰਾਤਾ ਹੈ.

ਜਹਾਂ ਮੈਂ ਲਾਚਾਰ ਸਾ ਹੋ ਕਰ ਰਿਹਤਾ ਹੈ,
ਕੋਈ ਵੀ ਦਰਦ ਨਾ ਸੁਨਨਾ ਚਾਹਤਾ ਹੈ.

ਕਿਸੇ ਹਾਲ ਸੁਨਾਊਂ ਆਪਨੇ ਦਿਲ ਕਾ,
ਸੁਨ ਕਰ ਹਰ ਕੋਈ ਤਮਾਸਾ ਉਂਡਾਤਾ ਹੈ.

ਅੱਬ ਛੋਡ ਤੂੰ ਬਾਤ ਕਰ ਦਿਨ ਕੱਟੀ ਕੀ,
ਹਮਦਰਦ ਕੋਈ ਵੀ ਨਜ਼ਰ ਨਹੀਂ ਆਤਾ ਹੈ.

ਮੱਤਲਬ ਪਰੱਸਤ ਹੋ ਗਈ ਹੈ ਯੇਹ ਦੁਨੀਆ,
ਫ਼ਕੀਰੋਂ ਅਬ ਕਿਸੇ ਡੂੰਤਤਾ ਫਿਰਤਾ ਹੈ.

ਨਾ ਜਾਨੇ ਕਿਉਂ ਆਜ ਭੀ ਦਿਲ ਡਰਤਾ ਹੈ,
ਜਿਸ ਕੀ ਗਵਾਹੀ ਹਰ ਦਿਨ ਬਰਤਾ ਹੈ.

ਵਿਨੋਦ ਫ਼ਕੀਰਾ,ਸਟੇਟ ਐਵਾਰਡੀ
ਲੇਖਕ ਪੰਜਾਬੀ ਭਾਸ਼ਾ ਵਿਭਾਗ,ਪਟਿਆਲਾ,ਪੰਜਾਬ ਅਤੇ ਲੇਖਕ ਪੰਜਾਬੀ ਸਾਹਿਤਕ ਅਕਦਮੀ, ਹਰਿਆਣਾ,ਪੰਚਕੂਲਾ,
ਵਿਨੋਦ ਕੁਮਾਰ ਵਾਲੀ ਗਲੀ. ਆਰੀਆ ਨਗਰ, ਕਰਤਾਰਪੁਰ, ਜਲੰਧਰ.
ਮੋ.098721 97326

ਰੋਜਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ


Email : lokbani08@gmail.com ਸ਼ੁੱਕਰਵਾਰ, 05 ਮਈ 2022 ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)

ਇਸ਼ਤਿਹਾਰ ਲਵਾਓ ਵਪਾਰ ਵਧਾਓ ਰੋਜਾਨਾ ਲੋਕ ਬਾਣੀ ਅਖਬਾਰ ਵਿਚ ਸੰਪਰਕ ਕਰੋ
0181-2211009
Newslokbani@gmail.com

R.N.I. Punpun/29016/2008 ✲ ਸਾਲ : 14 ✲ ਅੰਕ : 418 ✲ ਮੁੱਲ : 5.00 ਰੁਪਏ ✲ ਕੁੱਲ ਪੇਜ : 10 ✲ ਫੈਕਸ : 0181-2211009 ✲ M. 99155-94111

## ਬਿਡੇਨ ਨੇ ਯੂਕਰੇਨ ਤੇ ਰੂਸ ਦੀ ਜੰਗ ਨੂੰ ਦੱਸਿਆ

# ਤਾਨਾਸ਼ਾਹੀ ਤੇ ਲੋਕਤੰਤਰ ਦੀ ਜੰਗ



**ਵਾਸ਼ਿੰਗਟਨ/ਲੋਕ ਬਾਣੀ:-** ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਨੇ ਕਿਹਾ ਕਿ ਦੁਨੀਆ @ਚ ਤਾਨਾਸ਼ਾਹੀ ਅਤੇ ਲੋਕਤੰਤਰ ਵਿਚਾਲੇ ਜੰਗ ਚੱਲ ਰਹੀ ਹੈ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦਾ ਮੰਨਣਾ ਹੈ ਕਿ 21ਵੀਂ ਸਦੀ @ਚ ਲੋਕਤੰਤਰ ਨੂੰ ਕਾਇਮ ਨਹੀਂ ਰੱਖਿਆ ਜਾ ਸਕਦਾ। ਬਿਡੇਨ ਨੇ ਮੰਗਲਵਾਰ ਨੂੰ ਅਲਬਾਮਾ ਦੇ ਲਾਕਹੀਡ ਮਾਰਟਿਨ ਪਾਈਕ ਕਾਉਂਟੀ ਓਪਰੇਸ਼ਨ @ਤੇ ਕਿਹਾ, ÷ਅਸੀਂ ਇਤਿਹਾਸ ਦੇ ਇੱਕ ਮੋੜ @ਤੇ ਹਾਂ, ਦਲੀਲ ਨਾਲ...ਇਹ ਹਰ ਛੇਵੀਂ ਜਾਂ ਅੱਠਵੀਂ ਪੀੜ੍ਹੀ ਹੁੰਦਾ ਹੈ, ਜਿੱਥੇ ਚੀਜ਼ਾਂ ਬਹੁਤ ਤੇਜ਼ੀ ਨਾਲ ਬਦਲਦੀਆਂ ਹਨ, ਪਰ ਸਾਨੂੰ ਨਿਯੰਤਰਣ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ, @ਦੋਸਤੋ, ਦੁਨੀਆ @ਚ ਤਾਨਾਸ਼ਾਹੀ ਅਤੇ ਲੋਕਤੰਤਰ ਵਿਚਾਲੇ ਜੰਗ ਚੱਲ ਰਹੀ ਹੈ। ਚੀਨੀ ਨੇਤਾ ਸ਼ੀ ਜਿਨਪਿੰਗ, ਜਿਨ੍ਹਾਂ ਨਾਲ ਮੈਂ ਗੱਲ ਕੀਤੀ ਅਤੇ ਮੈਂ ਉਨ੍ਹਾਂ ਨਾਲ ਦੁਨੀਆ ਦੇ ਕਿਸੇ ਵੀ ਨੇਤਾ ਨਾਲੋਂ ਵੱਧ ਸਮਾਂ ਬਿਤਾਇਆ ਹੈ। ਉਨ੍ਹਾਂ ਨਾਲ ਨਿੱਜੀ ਤੌਰ @ਤੇ ਅਤੇ ਫ਼ੋਨ @ਤੇ ਕਰੀਬ 78 ਘੰਟੇ ਬਿਤਾਏ ਅਤੇ ਉਹ ਕਹਿੰਦੇ ਹਨ ਕਿ 21ਵੀਂ ਸਦੀ @ਚ ਲੋਕਤੰਤਰ ਕਾਇਮ ਨਹੀਂ ਰਹਿ ਸਕਦਾ। ਅਮਰੀਕੀ ਰਾਸ਼ਟਰਪਤੀ ਨੇ ਕਿਹਾ, @ਇਹ ਕੋਈ ਮਜ਼ਾਕ ਨਹੀਂ ਹੈ। ਇਸ ਨੂੰ ਕਾਇਮ ਨਹੀਂ ਰੱਖਿਆ ਜਾ ਸਕਦਾ ਕਿਉਂਕਿ ਚੀਜ਼ਾਂ ਤੇਜ਼ੀ ਨਾਲ ਬਦਲ ਰਹੀਆਂ ਹਨ। ਜਮਹੂਰੀਅਤ ਸਹਿਮਤੀ ਨਾਲ ਬਣਦੀ ਹੈ ਅਤੇ ਸਹਿਮਤੀ ਬਣਨਾ ਔਖਾ ਹੈ, ਪਰ ਸਿਰਫ਼ ਇਸ ਲਈ ਕਿ ਤਾਨਾਸ਼ਾਹੀ ਨਹੀਂ ਲਿਆਂਦੀ ਜਾ ਸਕਦੀ। ਅਜਿਹਾ ਨਹੀਂ ਹੋਣ ਵਾਲਾ, ਜੇਕਰ ਅਜਿਹਾ ਹੋ ਗਿਆ ਤਾਂ ਸਾਰਾ ਸੰਸਾਰ ਬਦਲ ਜਾਵੇਗਾ।

# ਪੰਜਾਬ ਤੇ ਹਿਮਾਚਲ ਵਿੱਚ ਮੀਂਹ ਪੈਣ ਨਾਲ ਲੋਕਾਂ ਨੂੰ ਮਿਲੀ ਗਰਮੀ ਤੋਂ ਰਾਹਤ

**ਸ਼ਿਮਲਾ/ਲੋਕ ਬਾਣੀ:-** ਹਿਮਾਚਲ ਪ੍ਰਦੇਸ਼ ਦੀ ਰਾਜਧਾਨੀ ਸ਼ਿਮਲਾ @ਚ ਮੰਗਲਵਾਰ ਦੁਪਹਿਰ ਨੂੰ ਅਚਾਨਕ ਮੌਸਮ ਨੇ ਆਪਣਾ ਰੁਖ ਬਦਲ ਲਿਆ ਅਤੇ ਮੀਂਹ ਨਾਲ ਗੜੇਮਾਰੀ ਸ਼ੁਰੂ ਹੋ ਗਈ। ਇਸ ਕਾਰਨ ਮੌਸਮ ਸੁਹਾਵਣਾ ਹੋ ਗਿਆ ਹੈ। ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲੀ ਹੈ। ਇਸ ਦੇ ਨਾਲ ਹੀ ਬਰਫਬਾਰੀ ਕਾਰਨ ਸੈਲਾਨੀਆਂ ਦੇ ਚਿਹਰਿਆਂ @ਤੇ ਖੁਸ਼ੀ ਖਿੜ ਗਈ ਹੈ। ਗੜੇਮਾਰੀ ਦੀ ਹਾਲਤ ਇਹ ਹੈ ਕਿ ਸੜਕ ਅਤੇ ਜ਼ਮੀਨ ਤੋਂ ਲੈ ਕੇ ਘਰਾਂ ਦੀਆਂ ਛੱਤਾਂ ਤੱਕ ਵੀ ਚਿੱਟੀ ਚਾਦਰ ਵਿਛਾ ਦਿੱਤੀ ਗਈ ਹੈ। ਜਿੱਥੋਂ ਤੱਕ ਨਜ਼ਰ ਜਾਂਦੀ ਹੈ, ਸਿਰਫ਼ ਬਰਫ਼ ਦੀ ਚਿੱਟੀ ਚਾਦਰ ਹੀ ਨਜ਼ਰ ਆਉਂਦੀ ਹੈ। ਇਸ ਦੇ ਨਾਲ ਹੀ ਗੜੇਮਾਰੀ ਕਾਰਨ ਪੂਰੇ ਹਿਮਾਚਲ ਪ੍ਰਦੇਸ਼ ਵਿੱਚ ਦੋ ਦਿਨਾਂ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਸ਼ਿਮਲਾ ਦੇ ਉਪਰਲੇ ਇਲਾਕੇ ਵਿੱਚ ਸੇਬ ਦੀ ਫ਼ਸਲ ਨੂੰ ਭਾਰੀ ਨੁਕਸਾਨ ਹੋਇਆ ਹੈ। ਇਸ ਕਾਰਨ ਕਈ ਕਿਸਾਨ ਨਿਰਾਸ਼ ਨਜ਼ਰ ਆ ਰਹੇ ਹਨ। ਸ਼ਿਮਲਾ ਤੋਂ ਇਲਾਵਾ ਮੰਡੀ ਅਤੇ ਕੁੱਲੂ ਸਮੇਤ ਕਈ ਇਲਾਕਿਆਂ @ਚ ਮੀਂਹ ਪਿਆ ਹੈ।



# ਖੇਤ ਮਾਲਕ ਦੀ ਲਾਪਰਵਾਹੀ ਕਾਰਣ ਸਕੂਲ ਬੱਸ ਨੂੰ ਲੱਗੀ ਅੱਗ 7 ਬੱਚੇ ਜ਼ਖਮੀ



**ਬਟਾਲਾ/ਸੁਖਨਾਮ ਸਿੰਘ:-** ਬਟਾਲਾ ਦੇ ਪਿੰਡ ਕਿਲਾ ਲਾਲ ਸਿੰਘ ਨੇੜੇ ਇੱਕ ਸਕੂਲੀ ਬੱਸ ਨੂੰ ਅੱਗ ਲੱਗ ਗਈ। ਜਿਸ ਕਾਰਨ 7 ਬੱਚੇ ਝੁਲਸ ਗਏ। ਖੇਤਾਂ ਵਿੱਚ ਅੱਗ ਲੱਗਣ ਕਾਰਨ ਇਹ ਹਾਦਸਾ ਵਾਪਰਿਆ। ਅੱਗ ਦੇ ਧੂੰਏਂ ਕਾਰਨ ਪੈਦਾ ਹੋਏ ਅਸੰਤੁਲਨ ਕਾਰਨ ਬੱਸ ਖੇਤਾਂ ਵਿੱਚ ਪਲਟ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਇੱਕ ਨਿੱਜੀ ਸਕੂਲ ਦੀ ਬੱਸ ਨੂੰ ਅਚਾਨਕ ਅੱਗ ਲੱਗਣ ਕਾਰਨ ਕਣਕ ਦੇ ਖੇਤ ਵਿੱਚ ਅੱਗ ਲੱਗ ਗਈ, ਜਿਸ ਵਿੱਚ ਸੱਤ ਬੱਚੇ ਝੁਲਸ ਗਏ, ਜਿਨ੍ਹਾਂ ਵਿੱਚੋਂ ਤਿੰਨ ਦੀ ਹਾਲਤ ਗੰਭੀਰ ਬਣੀ ਹੋਈ ਹੈ। ਸ੍ਰੀ ਗੁਰੂ ਹਰਿਰਾਇ ਪਬਲਿਕ ਸਕੂਲ ਕਿਲ੍ਹਾ ਲਾਲ ਸਿੰਘ ਦੀ ਬੱਸ ਦੁਪਹਿਰ ਸਮੇਂ ਸਕੂਲ ਤੋਂ ਬਾਅਦ ਬੱਚਿਆਂ ਨੂੰ ਘਰ ਛੱਡਣ ਜਾ ਰਹੀ ਸੀ। ਅੱਗ ਨੇ ਬੱਸ ਨੂੰ ਆਪਣੀ ਲਪੇਟ ਵਿਚ ਲੈ ਲਿਆ, ਜਿਸ ਕਾਰਨ ਸੱਤ ਬੱਚੇ ਝੁਲਸ ਗਏ, ਜਿਨ੍ਹਾਂ ਨੂੰ ਬਟਾਲਾ ਦੇ ਵੱਖ-ਵੱਖ ਨਿੱਜੀ ਹਸਪਤਾਲਾਂ ਵਿਚ ਦਾਖਲ ਕਰਵਾਇਆ ਗਿਆ ਹੈ ਅਤੇ ਤਿੰਨ ਬੱਚਿਆਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ।

# ਜਲੰਧਰ ਦੀ ਧੀ ਬਣੀ ਪੰਜਾਬ ਹਾਕੀ ਟੀਮ ਦੀ ਉਪ ਕਪਤਾਨ

**ਜਲੰਧਰ/ਲੋਕ ਬਾਣੀ:-** ਪਿੰਡ ਜੈਤੇਵਾਲੀ ਦੇ ਸਾਬਕਾ ਸਰਪੰਚ ਕਰਨੈਲ ਸਿੰਘ ਦੇ ਬੇਟੇ ਸ਼ਮਿੰਦਰ ਸਿੰਘ ਦੀ ਧੀ ਹਰਜੋਤ ਕੌਰ ਮਣੀਪੁਰ ਦੇ ਇੰਫਾਲ ਵਿੱਚ ਹੋ ਰਹੀਆਂ ਰਾਸ਼ਟਰੀ ਪੱਧਰ ਦੀਆਂ ਖੇਡਾਂ ਲਈ ਪੰਜਾਬ ਦੀ ਹਾਕੀ ਟੀਮ ਦੀ ਉਪ ਕਪਤਾਨ ਚੁਣੀ ਗਈ ਹੈ ਜਿਸ ਦੇ ਚੱਲਦੇ ਉਨ੍ਹਾਂ ਨੂੰ ਵਧਾਈ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ ਅਤੇ ਇਸ ਨੂੰ ਲੈ ਕੇ ਉਨ੍ਹਾਂ ਨੇ ਜਲੰਧਰ ਦੇ ਪ੍ਰੈੱਸ ਕਲੱਬ ਵਿਖੇ ਪ੍ਰੈੱਸ ਕਾਨਫਰੰਸ ਕਰਕੇ ਇਸ ਦੀ ਜਾਣਕਾਰੀ ਮੀਡੀਆ ਨੂੰ ਦਿੱਤੀ ਹੈ। ਇਸੇ ਹੀ ਤਰ੍ਹਾਂ ਬੇਟੀ ਬਚਾਓ ਸੰਘਰਸ਼ ਕਮੇਟੀ (ਰਜਿ.) ਦੇ ਪੰਜਾਬ ਚੇਅਰਮੈਨ ਰਾਜ ਕੁਮਾਰ ਅਰੋੜਾ ਅਤੇ ਡਾਇਰੈਕਟ ਮੀਡੀਆ ਲਾਈਵ ਟੀਵੀ ਦੇ ਮੁੱਖ ਸੰਪਾਦਕ ਮਨੀ ਕੁਮਾਰ ਅਰੋੜਾ ਵੱਲੋਂ ਬੇਟੀ ਹਰਜੋਤ ਕੌਰ ਦਾ ਪ੍ਰੈੱਸ ਕਲੱਬ ਵਿੱਚ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ ਅਤੇ ਉਨ੍ਹਾਂ ਕਿਹਾ ਕਿ ਸਾਨੂੰ ਮਾਣ ਹੈ ਆਪਣੇ ਪਿੰਡ ਦੀਆਂ ਧੀਆਂ 'ਤੇ ਜੋ ਆਪਣੀ ਮਿਹਨਤ ਸੱਦਕਾ ਹੀ ਦੇਸ਼-ਵਿਦੇਸ਼ ਵਿੱਚ ਆਪਣਾ ਨਾਂ ਚਮਕਾ ਰਹੀਆਂ ਹਨ।



ਇਸ ਮੌਕੇ ਸ਼ਿਵਸੈਨਾ ਸਮਾਜਵਾਦੀ ਦੇ ਪੰਜਾਬ ਚੇਅਰਮੈਨ ਨਰਿੰਦਰ ਥਾਪਰ, ਬੇਟੀ ਬਚਾਓ ਸੰਘਰਸ਼ ਕਮੇਟੀ ਦੇ ਰਾਜਨਦੀਪ ਕੌਰ, ਸਾਹਿਲ ਕੱਜਲਾ, ਪਵਨ ਕੁਮਾਰ ਟੀਨੂੰ, ਵਿਨੋਦ ਕੁਮਾਰ ਵਾਲੀਆ, ਪਵਨ ਕੁਮਾਰ ਆਦਿ ਨੇ ਬੇਟੀ ਹਰਜੋਤ ਕੌਰ ਨੂੰ ਚੜ੍ਹਦੀ ਕਲਾ ਵਿੱਚ ਰਹਿੰਦੇ ਹੋਏ ਭਾਰੀ ਮੱਲਾਂ ਮਾਰਨ ਲਈ ਸ਼ੁੱਭ ਇੱਛਾਵਾਂ ਦਿੱਤੀਆਂ। ਇੱਥੇ ਇਹ ਵੀ ਦੱਸਣਯੋਗ ਹੈ ਕਿ ਗੁਰੂਆਂ, ਪੀਰਾਂ-ਫ਼ਕੀਰਾਂ ਦੇ ਚਰਨਾਂ ਦੀ ਛੋਹ ਪ੍ਰਾਪਤ ਪਿੰਡ ਜੈਤੇਵਾਲੀ ਦੀ ਬੇਟੀ ਪਰਮਜੀਤ ਕੌਰ ਪੰਮੀ ਜੁਡੋ ਵਿੱਚ ਅਤੇ ਮੀਨਾ ਪਿਆਰ ਪਹਿਲਾਂ ਮਾਉਂਟ ਐਵਰੈਸਟ ਵਤਿਹ ਕਰਨ ਤੋਂ ਬਾਅਦ ਵੇਟ ਲਿਫਟਿੰਗ ਵਿੱਚ ਪਿੰਡ ਜੈਤੇਵਾਲੀ ਦਾ ਨਾਂ ਰੋਸ਼ਨ ਕਰ ਚੁੱਕੀਆਂ ਹਨ।

# ਰਾਜ ਠਾਕਰੇ, ਸਪੀਕਰ ਮਾਮਲੇ ਵਿੱਚ ਬਰਸੇ



**ਮੁੰਬਈ/ਲੋਕ ਬਾਣੀ**

ਮਹਾਰਾਸ਼ਟਰ 'ਚ ਲਾਊਡਸਪੀਕਰ ਵਿਵਾਦ ਹੋਰ ਡੂੰਘਾ ਹੁੰਦਾ ਜਾ ਰਿਹਾ ਹੈ। ਬੁੱਧਵਾਰ ਨੂੰ ਮੁੰਬਈ ਦੇ ਇਕ ਇਲਾਕੇ 'ਚ ਮਹਾਰਾਸ਼ਟਰ ਨਵ ਨਿਰਮਾਣ ਸੈਨਾ ਦੇ ਇਕ ਵਰਕਰ ਨੇ ਅਜਾਨ ਦੌਰਾਨ ਛੱਤ 'ਤੇ ਖੜ੍ਹੇ ਹੋ ਕੇ ਹਨੂੰਮਾਨ ਚਾਲੀਸਾ ਵਜਾਉਣਾ ਸ਼ੁਰੂ ਕਰ ਦਿੱਤਾ, ਜਿਸ ਦਾ ਵੀਡੀਓ ਸੋਸ਼ਲ ਮੀਡੀਆ @ਤੇ ਵਾਇਰਲ ਹੋ ਰਿਹਾ ਹੈ। ਇਸ ਦੇ ਨਾਲ ਹੀ ਹੁਣ ਮਹਾਰਾਸ਼ਟਰ ਨਵਨਿਰਮਾਣ ਸੈਨਾ ਦੇ ਮੁਖੀ ਰਾਜ ਠਾਕਰੇ ਨੇ ਨਿਊਜ਼ ਏਜੰਸੀ 1©9 ਨਾਲ ਗੱਲਬਾਤ ਕਰਦੇ ਹੋਏ ਕਿਹਾ ਹੈ ਕਿ ਅਸੀਂ ਸੂਬੇ @ਚ ਸ਼ਾਂਤੀ ਚਾਹੁੰਦੇ ਹਾਂ। ਮਨਸੇ ਮੁਖੀ ਰਾਜ ਠਾਕਰੇ ਨੇ ਕਿਹਾ ਕਿ ਅਸੀਂ ਸੂਬੇ @ਚ ਸ਼ਾਂਤੀ ਚਾਹੁੰਦੇ ਹਾਂ। ਤੁਸੀਂ (ਪੁਲਿਸ) 135 ਮਸਜਿਦਾਂ @ਤੇ ਕੀ ਕਾਰਵਾਈ ਕਰ ਰਹੇ ਹੋ, ਜਿਨ੍ਹਾਂ ਨੇ ਅੱਜ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕੀਤੀ ਹੈ। ਪੁਲਸ ਸਿਰਫ ਸਾਡੇ ਵਰਕਰਾਂ ਖਿਲਾਫ ਕਾਰਵਾਈ ਕਰ ਰਹੀ ਹੈ। ਰਾਜ ਠਾਕਰੇ ਨੇ ਕਿਹਾ ਕਿ ਮਸਜਿਦਾਂ ਤੋਂ ਸਾਰੇ ਗੈਰ-ਕਾਨੂੰਨੀ ਲਾਊਡਸਪੀਕਰ ਹਟਾਏ ਜਾਣੇ ਚਾਹੀਦੇ ਹਨ।

# ਸੁਖਬੀਰ ਬਾਦਲ ਬੰਦੀ ਸਿੱਖਾਂ ਦੇ ਮਸਲੇ ਤੇ ਹੋਏ ਸਖਤ

**ਮੋਹਾਲੀ/ਰਕੇਸ਼ ਮਸੀਹ**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਅੱਜ ਪ੍ਰੈੱਸ ਕਾਨਫ਼ਰੰਸ ਕੀਤੀ ਗਈ। ਇਸ ਦੌਰਾਨ ਅਕਾਲੀ ਦਲ ਵਲੋਂ ਬੰਦੀ ਸਿੱਖਾਂ ਨੂੰ ਰਿਹਾਈ ਕਰਨ ਦੀ ਮੰਗ ਕੀਤੀ। ਉਨ੍ਹਾਂ ਦਾ ਕਹਿਣਾ ਹੈ ਕਿ ਕਈ ਸਿੱਖਾਂ ਨੇ ਦੁਗਣੀ ਸਜ਼ਾ ਤੱਕ ਪੂਰੀ ਕਰ ਲਈ ਹੈ। ਬੰਦੀ ਸਿੱਖਾਂ ਦਾ ਮਸਲਾ ਸਿੱਖ ਕੌਮ ਦਾ ਅਹਿਮ ਮਸਲਾ ਹੈ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਸੀਂ ਪ੍ਰੋਫੈਸਰ ਭੁੱਲਰ ਦੀ ਰਿਹਾਈ ਲਈ ਯਤਨ ਕਰ ਰਹੇ ਹਾਂ। ਇਸ ਦੌਰਾਨ ਉਨ੍ਹਾਂ ਨੇ ਇਹ ਵੀ ਕਿਹਾ ਕਿ ਸਿੱਖਾਂ ਨੂੰ ਅਣਮਨੁੱਖੀ ਤਰੀਕੇ ਨਾਲ ਜੇਲ੍ਹਾਂ 'ਚ ਰੱਖਿਆ ਗਿਆ। ਪ੍ਰੈੱਸ ਕਾਨਫ਼ਰੰਸ ਕਰਦੇ ਹੋਏ ਉਨ੍ਹਾਂ ਨੇ 'ਆਪ' ਸਰਕਾਰ 'ਤੇ ਨਿਸ਼ਾਨੇ ਵਿੰਨ੍ਹੇ।

# ਪੰਜਾਬ ਦੀ ਵੱਡੀ ਯੂਨੀਵਰਸਿਟੀ ਵਿੱਚ ਕੋਰੋਨਾ ਦਾ ਵੱਡਾ ਧਮਾਕਾ



**ਪਟਿਆਲਾ/ਇਕਬਾਲ ਸਿੰਘ:-** ਇਥੋਂ ਦੀ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ ਵਿੱਚ ਅੱਜ ਕਰੋਨਾ ਦੇ 46 ਮਾਮਲੇ ਸਾਹਮਣੇ ਆਉਣ ਕਾਰਨ ਇਹ ਹੌਟਸਪੌਟ ਵਿੱਚ ਬਦਲ ਗਿਆ ਹੈ। ਪਿਛਲੇ ਚਾਰ ਦਿਨਾਂ ਵਿੱਚ ਯੂਨੀਵਰਸਿਟੀ ਵਿੱਚ ਕੋਵਿਡ ਦੇ 60 ਪਾਜ਼ੇਟਿਵ ਮਾਮਲੇ ਸਾਹਮਣੇ ਆਏ ਹਨ। ਯੂਨੀਵਰਸਿਟੀ ਕੈਂਪਸ ਨੂੰ ਪ੍ਰਮੁੱਖ ਕੰਟੇਨਮੈਂਟ ਜ਼ੋਨ ਕਰਾਰ ਦਿੱਤਾ ਗਿਆ ਹੈ। ਕੈਂਪਸ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਪਟਿਆਲਾ ਦੇ ਸਿਵਲ ਸਰਜਨ ਸਮੇਤ ਸਿਹਤ ਅਧਿਕਾਰੀਆਂ ਨੂੰ ਤੁਰੰਤ ਯੂਨੀਵਰਸਿਟੀ ਵਿੱਚ ਗਏ। ਸੂਤਰਾਂ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਪਾਜ਼ੇਟਿਵ ਕੇਸਾਂ ਦੀ ਗਿਣਤੀ ਵਧਣ ਦੀ ਸੰਭਾਵਨਾ ਹੈ।


## ਸ਼ੇਰਪੁਰ ਤੋਂ ਪੱਤਰਕਾਰ ਦੀ ਨਿਯੁਕਤੀ

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵੱਲੋਂ ਯਾਦਵਿੰਦਰ ਸਿੰਘ ਮਾਹੀ ਨੂੰ ਸ਼ੇਰਪੁਰ ਤੋਂ ਪੱਤਰਕਾਰ ਨਿਯੁਕਤ ਕੀਤਾ ਜਾਂਦਾ ਹੈ। ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।



ਮੋ :- 9876431004


ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਸੁਰੱਖਿਆ ਫ਼ੋਰਸਾਂ ਨਾਲ ਮੁਕਾਬਲੇ ਦੌਰਾਨ 40 ਮਾਮਲਿਆਂ 'ਚ ਲੋੜੀਂਦਾ ਨਕਸਲੀ ਕਮਾਂਡਰ ਢੇਰ



**ਖੂੰਟੀ/ਲੋਕ ਬਾਣੀ**

ਝਾਰਖੰਡ ਦੇ ਖੂੰਟੀ @ਚ ਸੁਰੱਖਿਆ ਫ਼ੋਰਸਾਂ ਨੇ 40 ਤੋਂ ਵੱਧ ਅਪਰਾਧਕ ਵਾਰਦਾਤ @ਚ ਲੋੜੀਂਦੇ ਅੱਤਵਾਦੀ ਸੰਗਠਨ ਪੀਪਲਜ਼ ਲਿਬਰੇਸ਼ਨ ਫਰੰਡ ਆਫ਼ ਇੰਡੀਆ (ਪੀ.ਐੱਲ.ਐੱਫ.ਆਈ.) ਦੇ ਸਬਜ਼ੋਨਲ ਕਮਾਂਡਰ ਲਾਕਾ ਪਾਹਨ ਨੂੰ ਬੁੱਧਵਾਰ ਤੜਕੇ ਭਿਆਨਕ ਮੁਕਾਬਲੇ @ਚ ਮਾਰ ਸੁੱਟਿਆ। ਖੂੰਟੀ ਦੇ ਪੁਲਸ ਸੁਪਰਡੈਂਟ ਅਮਨ ਕੁਮਾਰ ਨੇ ਦੱਸਿਆ ਕਿ ਨਕਸਲੀ ਕਮਾਂਡਰ ਲਾਕਾ ਪਾਹਨ @ਤੇ 40 ਤੋਂ ਵੱਧ ਮਾਮਲੇ ਦਰਜ ਸਨ। ਅਮਨ ਕੁਮਾਰ ਅਨੁਸਾਰ ਮੁਰਹੂ ਥਾਣਾ ਖੇਤਰ ਦੇ ਕੋਟਾ ਇੰਡੀਪੀੜ੍ਹੀ ਜੰਗਲ @ਚ ਤੜਕੇ ਪੀ.ਐੱਲ.ਐੱਫ.ਆਈ. ਦੇ ਦਸਤੇ ਨਾਲ ਸੁਰੱਖਿਆ ਫ਼ੋਰਸਾਂ ਨਾਲ ਹੋਏ ਮੁਕਾਬਲੇ @ਚ ਇਹ ਸਫ਼ਲਤਾ ਮਿਲੀ। ਅਮਨ ਕੁਮਾਰ ਨੇਦੱਸਿਆ ਕਿ ਪੀ.ਐੱਲ.ਐੱਫ.ਆਈ. ਨਕਸਲੀ ਦੀਆਂ ਸ਼ੱਕੀ ਗਤੀਵਿਧੀਆਂ ਦੀ ਗੁਪਤ ਸੂਚਨਾ @ਤੇ ਜਦੋਂ ਸੁਰੱਖਿਆ ਫ਼ੋਰਸ ਕੋਟਾ ਇੰਦੀਪੀਡੀ ਜੰਗਲ ਪਹੁੰਚੇ ਤਾਂ ਪੀ.ਐੱਲ.ਐੱਫ.ਆਈ. ਨਕਸਲੀਆਂ ਨੇ ਉਨ੍ਹਾਂ @ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਸੁਰੱਖਿਆ ਫ਼ੋਰਸਾਂ ਦੀ ਜਵਾਬੀ ਕਾਰਵਾਈ @ਚ ਪੀ.ਐੱਲ.ਐੱਫ.ਆਈ. ਦਾ ਇਹ ਸਬਜ਼ੋਨਲ ਕਮਾਂਡਰ ਮਾਰਿਆ ਗਿਆ।

ਉਨ੍ਹਾਂ ਦੱਸਿਆ ਕਿ ਗੋਲੀਬਾਰੀ ਰੁਕਣ ਤੋਂ ਬਾਅਦ ਜਦੋਂ ਪੁਲਸ ਟੀਮ ਨੇ ਮੌਕੇ @ਤੇ ਤਲਾਸ਼ੀ ਮੁਹਿੰਮ ਚਲਾਈ ਤਾਂ ਉੱਥੋਂ ਇਕ ਨਕਸਲੀ ਦੀ ਲਾਸ਼ ਮਿਲੀ। ਜਿਸ ਦੀ ਪਛਾਣ ਬਾਅਦ @ਚ ਪੀ.ਐੱਲ.ਐੱਫ.ਆਈ. ਸਬਜ਼ੋਨਲ ਕਮਾਂਡਰ ਲਾਕਾ ਪਾਹਨ ਦੇ ਰੂਪ @ਚ ਹੋਈ। ਮੁਕਾਬਲੇ @ਚ ਉਸ ਦੇ ਹੋਰ ਸਹਿਯੋਗੀ ਜੰਗਲ ਦਾ ਫ਼ਾਇਦਾ ਚੁੱਕ ਕੇ ਦੌੜ ਗਏ। ਫਿਲਹਾਲ ਪੁਲਸ ਦੀ ਤਲਾਸ਼ੀ ਮੁਹਿੰਮ ਜਾਰੀ ਹੈ। ਉਨ੍ਹਾਂ ਦੱਸਿਆ ਕਿ ਲਾਕਾ ਪਾਹਨ 2012 @ਚ ਜੇਲ੍ਹ ਜਾ ਚੁਕਿਆ ਸੀ ਅਤੇ 2020 @ਚ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਉਹ ਮੁੜ ਸੰਗਠਨ @ਚ ਸ਼ਾਮਲ ਹੋ ਕੇ ਨਕਸਲੀ ਗਤੀਵਿਧੀਆਂ ਨੂੰ ਅੰਜਾਮ ਦੇਣ ਲੱਗਾ ਸੀ। ਪੁਲਸ ਸੁਪਰਡੈਂਟ ਨੇ ਦੱਸਿਆ ਕਿ ਮਾਰੇ ਗਏ ਲਾਕਾ ਪਾਹਨ @ਤੇ 5 ਲੱਖ ਰੁਪਏ ਦਾ ਇਨਾਮੀ ਰਾਸ਼ੀ ਦਾ ਪ੍ਰਸਤਾਵ ਪੁਲਸ ਹੈੱਡ ਕੁਆਰਟਰ ਨੂੰ ਭੇਜਿਆ ਗਿਆ ਸੀ। ਜਿਸ @ਤੇ ਗ੍ਰਹਿ ਵਿਭਾਗ ਦਾ ਫ਼ੈਸਲਾ ਆਉਣਾ ਬਾਕੀ ਸੀ। ਹਾਲਾਂਕਿ ਹਾਲ ਹੀ @ਚ ਜਦੋਂ ਨਕਸਲੀ ਸੰਗਠਨ ਦਾ ਵਿਸਥਾਰ ਹੋਇਆ ਸੀ ਅਤੇ ਦੱਖਣੀ ਛੋਟਾਨਾਗਪੁਰ ਜ਼ੋਨਲ ਕਮੇਟੀ ਬਣਾਈ ਗਈ ਸੀ ਤਾਂ ਉਸ @ਚ ਲਾਕਾ ਪਾਹਨ ਨੂੰ ਸਕੱਤਰ ਬਣਾਇਆ ਗਿਆ ਸੀ। ਅਜਿਹੇ @ਚ ਉਸ ਖ਼ਿਲਾਫ਼ ਇਨਾਮੀ ਰਾਸ਼ੀ ਦੇ ਵਧਣ ਦੀ ਵੀ ਸੰਭਾਵਨਾ ਸੀ।

## ਕੰਪਿਊਟਰ ਅਧਿਆਪਕਾਂ ਦਾ ਵੱਡਾ ਐਲਾਨ; 15 ਮਈ ਨੂੰ ਘੇਰਣਗੇ ਸਿੱਖਿਆ ਮੰਤਰੀ ਦੀ ਕੋਠੀ

**ਚੰਡੀਗੜ੍ਹ/ਲੋਕ ਬਾਣੀ**

ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਬਲਜਿੰਦਰ ਸਿੰਘ ਫਤਿਹਪੁਰ ਦੀ ਅਗਵਾਈ ਹੇਠ ਸੂਬਾ ਪੱਧਰੀ ਮੀਟਿੰਗ ਕੀਤੀ ਗਈ। ਜਿਸ ਵਿਚ ਜਥੇਬੰਦੀ ਨੇ ਸਪੱਸਟ ਕੀਤਾ ਕਿ ਕੰਪਿਊਟਰ ਅਧਿਆਪਕਾਂ ਦੀ ਜਾਇਜ ਮੰਗਾਂ ਲਈ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ, ਵਿੱਤ ਮੰਤਰੀ ਹਰਪਾਲ ਚੀਮਾ ਅਤੇ ਅਨੇਕਾਂ ਵਿਧਾਇਕਾਂ ਤੇ ਹੋਰ ਮੰਤਰੀਆਂ ਨੂੰ ਮਿਲ ਕੇ ਬੇਨਤੀ ਪੱਤਰਾਂ ਰਾਹੀਂ ਜਾਣੂ ਕਰਵਾ ਚੁੱਕੇ ਹਾਂ। ਪਰ ਆਪਣੇ ਆਪ ਨੂੰ ਆਮ ਲੋਕਾਂ ਦੀ ਅਖਵਾਉਣ ਵਾਲੀ ਪੰਜਾਬ ਸਰਕਾਰ ਪੜੇ ਲਿਖੇ ਅਤੇ ਅਧੁਨਿਕ ਯੁੱਗ ਨਾਲ ਜੋੜਨ ਵਾਲੇ ਨਿਰਮਾਤਾਵਾਂ ਦੀਆਂ ਜਾਇਜ਼ ਅਤੇ ਹੱਕੀ ਮੰਗਾਂ ਦੇ ਹੱਲ ਲਈ ਉਹਨਾ ਦੇ ਕੰਨ ਤੇ ਜੂੰਅ ਤਕ ਨਹੀਂ ਸਰਕਦੀ। ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਬਲਜਿੰਦਰ ਸਿੰਘ ਫਤਿਹਪੁਰ ਨੇ ਕਿਹਾ ਜਥੇਬੰਦੀ ਸਰਕਾਰ ਨਾਲ ਬੈਠ ਕੇ ਸਮੱਸਿਆਵਾਂ ਹੱਲ ਕਰਨਾ ਚਾਹੁੰਦੀ ਸੀ ਪਰ ਸਰਕਾਰ ਦੇ ਅੜੀਅਲ ਵਤੀਰੇ ਕਾਰਨ ਕੰਪਿਊਟਰ ਅਧਿਆਪਕ ਯੂਨੀਅਨ ਸਰਕਾਰ ਤੋਂ ਮਜਬੂਰ ਹੋ ਕਿ 7000 ਦੇ ਕਰੀਬ ਕੰਪਿਊਟਰ ਅਧਿਆਪਕਾਂ ਤੇ 6ਵੇਂ ਤਨਖਾਹ ਕਮਿਸ਼ਨ ਅਤੇ ਜੁਲਾਈ 2011 ਦੇ ਪੰਜਾਬ ਸਰਕਾਰ ਦੇ ਕੰਪਿਊਟਰ ਅਧਿਆਪਕਾਂ ਪ੍ਰਤੀ ਕੀਤੇ ਨੋਟੀਫਿਕੇਸ਼ਨ ਨੂੰ ਲਾਗੂ ਕਰਵਾਉਣ ਲਈ ਪਰਿਵਾਰਾਂ ਸਮੇਤ 15 ਮਈ ਨੂੰ ਬਰਨਾਲਾ ਵਿਖੇ ਸਿੱਖਿਆ ਮੰਤਰੀ ਨੂੰ ਘੇਰਨ ਲਈ ਸੜਕਾਂ ਤੇ ਉਤਰਨ ਦਾ ਫੈਸਲਾ ਲਿਆ ਹੈ। ਮੀਟਿੰਗ ਵਿੱਚ ਵੱਖ ਵੱਖ ਸ਼ਹਿਰਾਂ ਦੇ ਅਹੁਦੇਦਾਰਾਂ ਹਾਜ਼ਰ ਸਨ।

# ਪੰਜਾਬ ਵਿੱਚ ਅੱਜ ਤੋਂ ਹੋਣਗੀਆਂ ਅਨਾਜ ਮੰਡੀਆਂ ਬੰਦ



**ਚੰਡੀਗੜ੍ਹ/ਲੋਕ ਬਾਣੀ**

ਸੂਬੇ ਭਰ ਵਿੱਚ ਕਣਕ ਦੀ ਆਮਦ ਵਿੱਚ ਆਈ ਭਾਰੀ ਗਿਰਾਵਟ ਤੋਂ ਬਾਅਦ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਨੇ ਸੂਬੇ ਭਰ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਮੁਕੰਮਲ ਕਰਨ ਦਾ ਫੈਸਲਾ ਕੀਤਾ ਹੈ। ਇਸ ਸਬੰਧੀ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਸੂਬੇ ਵਿੱਚ ਮੰਡੀਆਂ ਨੂੰ 5 ਮਈ ਤੋਂ ਪੜਾਅਵਾਰ ਢੰਗ ਨਾਲ ਬੰਦ ਕਰਨ ਦੀ ਸ਼ੁਰੂਆਤ ਕੀਤੀ ਜਾਵੇਗੀ। ਇਸ ਸਬੰਧੀ ਨੋਟੀਫਿਕੇਸ਼ਨ ਮੰਡੀ ਬੋਰਡ ਵੱਲੋਂ ਜਾਰੀ ਕੀਤਾ ਜਾਵੇਗਾ। ਮੰਤਰੀ ਨੇ ਸੂਬੇ ਵਿੱਚ ਕਣਕ ਦੀ ਖਰੀਦ ਬਾਬਤ ਮਹੀਨਾ ਭਰ ਚੱਲੀ ਕਵਾਇਦ ਵਿੱਚ ਸ਼ਾਮਲ ਕਿਸਾਨਾਂ, ਆੜਤੀਆਂ, ਮੰਡੀ 'ਚ ਕੰਮ ਕਰਨ ਵਾਲੇ ਕਾਮਿਆਂ, ਟਰਾਂਸਪੋਰਟਰਾਂ ਅਤੇ ਸਰਕਾਰੀ ਅਧਿਕਾਰੀਆਂ ਦਾ ਧੰਨਵਾਦ ਕੀਤਾ। ਉਨਾਂ ਨੇ ਖਰੀਦ ਦੀ ਰਫਤਾਰ ਅਤੇ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਘੱਟੋ-ਘੱਟ ਸਮਰਥਨ ਮੁੱਲ ਦੇ ਬਕਾਏ ਤੇਜੀ ਨਾਲ ਪਾਉਣ 'ਤੇ ਤਸੱਲੀ ਪ੍ਰਗਟਾਈ। ਉਨਾਂ ਕਿਹਾ ਕਿ ਅਜਿਹਾ ਖਰਾਬ ਮੌਸਮ ਕਾਰਨ ਪੈਦਾ ਹੋਈਆਂ ਚੁਣੌਤੀਆਂ ਦੇ ਬਾਵਜੂਦ ਹੋਇਆ ਹੈ, ਜਿਸ ਕਾਰਨ ਸੂਬੇ ਦੇ ਬਹੁਤੇ ਹਿੱਸਿਆਂ ਵਿੱਚ ਅਨਾਜ ਸੁੰਗੜ ਗਿਆ ਸੀ। ਉਨਾਂ ਕਿਹਾ ਕਿ ਆਲਮੀ ਪੱਧਰ 'ਤੇ ਕਣਕ ਦੀਆਂ ਕੀਮਤਾਂ ਵਿੱਚ ਵਾਧੇ ਤੋਂ ਬਾਅਦ, ਜ਼ਿਆਦਾਤਰ ਰਾਜਾਂ ਵਿੱਚ ਕਣਕ ਦੀ ਸਰਕਾਰੀ ਖਰੀਦ ਵਿੱਚ ਭਾਰੀ ਗਿਰਾਵਟ ਦੇਖੀ ਗਈ , ਪਰ ਇੱਕ ਵਾਰ ਫਿਰ ਪੰਜਾਬ ਨੇ ਕੇਂਦਰੀ ਪੂਲ ਵਿੱਚ ਸਭ ਤੋਂ ਵੱਧ ਕਣਕ ਦਾ ਯੋਗਦਾਨ ਪਾਉਣ ਵਿੱਚ ਦੇਸ਼ ਦੀ ਅਗਵਾਈ ਕੀਤੀ। ਉਨਾਂ ਕਿਹਾ ਕਿ ਸੂਬੇ ਨੇ ਹੁਣ ਤੱਕ 93 ਲੱਖ ਟਨ ਤੋਂ ਵੱਧ ਕਣਕ ਦੀ ਖਰੀਦ ਕਰ ਲਈ ਹੈ। ਸੁੰਗੜੇ ਦਾਣਿਆਂ ਸਬੰਧੀ ਨਿਯਮਾਂ ਵਿੱਚ ਢਿੱਲ ਦੇਣ ਵਿੱਚ ਦੇਰੀ ਬਾਰੇ ਪੁੱਛੇ ਸਵਾਲ 'ਤੇ, ਉਨਾਂ ਕਿਹਾ ਕਿ ਭਾਰਤ ਸਰਕਾਰ ਦੇ ਖੁਰਾਕ ਅਤੇ ਜਨਤਕ ਵੰਡ ਵਿਭਾਗ ਨੇ ਮੰਡੀਆਂ ਵਿੱਚੋਂ ਨਮੂਨੇ ਲੈਣ ਲਈ ਅਧਿਕਾਰੀਆਂ ਦਾ ਦੂਜਾ ਸਮੂਹ ਭੇਜਣ ਦਾ ਫੈਸਲਾ ਕੀਤਾ ਹੈ ਤਾਂ ਜੋ ਦਾਣਿਆਂ ਦੇ ਸੁੰਗੜਣ ਦੀ ਸਮੱਸਿਆ ਦਾ ਡੂੰਘਾਈ ਨਾਲ ਪਤਾ ਲਗਾਇਆ ਜਾ ਸਕੇ। ਉਨਾਂ ਭਾਰਤ ਸਰਕਾਰ ਦੇ ਦੌਰੇ 'ਤੇ ਆਏ ਅਧਿਕਾਰੀਆਂ ਨੂੰ ਰਾਜ ਸਰਕਾਰ ਵੱਲੋਂ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ।

# RBI ਨੇ ਦਿੱਤਾ ਵੱਡਾ ਝਟਕਾ; ਮਹਿੰਗਾਈ ਦਰਾਂ ਚ ਹੋਵੇਗਾ ਵਾਧਾ

ਨਵੀਂ ਦਿੱਲੀ/ਲੋਕ ਬਾਣੀ

ਮਹਿੰਗਾਈ ਦੇ ਦਬਾਅ ਹੇਠ ਲਗਭਗ 2 ਸਾਲਾਂ ਬਾਅਦ ਭਾਰਤੀ ਰਿਜ਼ਰਵ ਬੈਂਕ ਨੇ ਰੈਪੋ ਦਰ ਵਿੱਚ ਵਾਧਾ ਕੀਤਾ ਹੈ। RBI ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਬੁੱਧਵਾਰ ਦੁਪਹਿਰ ਨੂੰ ਅਚਾਨਕ ਪ੍ਰੈੱਸ ਕਾਨਫਰੰਸ ਕਰਕੇ ਰੈਪੋ ਰੇਟ 'ਚ 0.40 ਫੀਸਦੀ ਵਾਧੇ ਦੀ ਜਾਣਕਾਰੀ ਦਿੱਤੀ।

ਗਵਰਨਰ ਨੇ ਕਿਹਾ, ਗਲੋਬਲ ਬਾਜ਼ਾਰ 'ਚ ਵਸਤੂਆਂ ਦੀਆਂ ਵਧਦੀਆਂ ਕੀਮਤਾਂ ਅਤੇ ਪੈਟਰੋਲ ਅਤੇ ਡੀਜ਼ਲ ਸਮੇਤ ਹੋਰ ਈਂਧਨ ਦੇ ਵਧਦੇ ਦਬਾਅ ਕਾਰਨ ਸਾਨੂੰ ਰੇਪੋ ਰੇਟ 'ਚ ਬਦਲਾਅ ਕਰਨਾ ਪਿਆ ਹੈ। ਹੁਣ ਰੈਪੋ ਦਰ 4 ਫੀਸਦੀ ਦੀ ਬਜਾਏ 4.40 ਫੀਸਦੀ ਹੋਵੇਗੀ। RBI ਨੇ ਮਈ 2020 ਤੋਂ ਬਾਅਦ ਰੇਪੋ ਰੇਟ 'ਚ ਕੋਈ ਬਦਲਾਅ ਨਹੀਂ ਕੀਤਾ ਹੈ।

ਮੰਨਿਆ ਜਾ ਰਿਹਾ ਸੀ ਕਿ ਜੂਨ ਤੋਂ ਰੈਪੋ ਰੇਟ 'ਚ ਵਾਧਾ ਹੋ ਸਕਦਾ ਹੈ ਪਰ ਇਸ ਤੋਂ ਪਹਿਲਾਂ ਹੀ ਗਵਰਨਰ ਨੇ ਅਚਾਨਕ ਦਰਾਂ ਵਧਾ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਗਵਰਨਰ ਨੇ ਕਿਹਾ ਕਿ ਇਸ ਫੈਸਲੇ ਤੋਂ ਪਹਿਲਾਂ 2 ਤੋਂ 4 ਮਈ ਤੱਕ ਮੁਦਰਾ ਨੀਤੀ ਕਮੇਟੀ ਦੀ ਬੈਠਕ ਹੋਈ ਸੀ ਅਤੇ ਸਾਰੇ ਮੈਂਬਰਾਂ ਨੇ ਰੇਪੋ ਰੇਟ 'ਚ ਵਾਧੇ ਦਾ ਸਮਰਥਨ ਕੀਤਾ ਸੀ। ਰੇਪੋ ਰੇਟ ਉਹ ਦਰ ਹੈ ਜਿਸ 'ਤੇ ਬੈਂਕ ਆਰਬੀਆਈ ਤੋਂ ਕਰਜ਼ਾ ਲੈਂਦੇ ਹਨ। ਇਹੀ ਕਾਰਨ ਹੈ ਕਿ ਇਸ ਦਰ 'ਚ ਬਦਲਾਅ ਦਾ ਸਿੱਧਾ ਅਸਰ ਪ੍ਰਚੂਨ ਕਰਜ਼ਿਆਂ 'ਤੇ ਪੈਂਦਾ ਹੈ।

# ਕਾਂਗਰਸ ਨੂੰ ਵੱਡਾ ਝਟਕਾ; ਇੱਕ ਹੋਰ ਵਿਧਾਇਕ ਭਾਜਪਾ 'ਚ ਸ਼ਾਮਲ

**ਨਵੀਂ ਦਿੱਲੀ/ਲੋਕ ਬਾਣੀ**


ਇੱਕ ਵਾਰ ਫਿਰ ਤੋਂ ਗੁਜਰਾਤ ਵਿੱਚ ਕਾਂਗਰਸ ਨੂੰ ਵੱਡਾ ਝਟਕਾ ਭਾਜਪਾ ਦੇ ਵਲੋਂ ਦਿੱਤਾ ਗਿਆ ਹੈ। ਦਰਅਸਲ, ਤਿੰਨ ਵਾਰ ਵਿਧਾਇਕ ਰਹਿ ਚੁੱਕੇ ਅਸ਼ਵਿਨ ਕੋਟਵਾਲ ਕਾਂਗਰਸ ਨੂੰ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ।

ਗੁਜਰਾਤ ਚੋਣਾਂ ਤੋਂ ਪਹਿਲਾਂ ਭਾਜਪਾ ਨੂੰ ਇਹ ਪਹਿਲਾ ਝਟਕਾ ਲੱਗਿਆ ਹੈ। ਕਾਂਗਰਸ ਤੋਂ ਅਸਤੀਫ਼ਾ ਦਿੰਦਿਆਂ ਹੋਇਆ ਵਿਧਾਇਕ ਅਸ਼ਵਿਨ ਕੋਟਵਾਲ ਨੇ ਕਾਂਗਰਸ ਵਿੱਚ ਹੋ ਰਹੀ ਧੱਕੇਸ਼ਾਹੀ ਦੇ ਦੋਸ਼ ਲਗਾਏ

ਕੋਟਵਾਲ ਨੇ ਕਿਹਾ ਕਿ, ਪਾਰਟੀ ਦੀਆਂ ਮਾੜੀਆਂ ਨੀਤੀਆਂ ਤੋਂ ਤੰਗ ਆ ਕੇ ਉਹ ਅਸਤੀਫ਼ਾ ਦੇ ਰਿਹਾ ਹੈ।

ਦੱਸ ਦਈਏ ਕਿ, ਕੋਟਵਾਲ (58) ਇੱਥੋਂ ਦੇ ਸਾਬਰਕਾਂਠਾ ਜ਼ਿਲ੍ਹੇ ਦੀ ਖੇਡਬ੍ਰਹਮਾ ਸੀਟ ਤੋਂ 2007, 2012 ਅਤੇ 2017 ਵਿੱਚ ਕਾਂਗਰਸ ਵੱਲੋਂ ਚੋਣਾਂ ਜਿੱਤੇ ਸਨ।

# ਉੱਤਰਾਖੰਡ 'ਚ ਚਾਰਧਾਮ ਯਾਤਰਾ ਸ਼ੁਰੂ, ਗੰਗੋਤਰੀ ਅਤੇ ਯਮੁਨੋਤਰੀ ਧਾਮ ਦੇ ਕਿਵਾੜ 6 ਮਹੀਨੇ ਬੰਦ ਰਹਿਣ ਪਿਛੋਂ ਅਕਸ਼ੈ ਤ੍ਰਿਤਯ 'ਤੇ ਖੁੱਲ੍ਹੇ



**ਦੇਹਰਾਦੂਨ/ਲੋਕ ਬਾਣੀ**

ਉਤਰਾਖੰਡ ਦੇ ਉਪਰਲੇ ਗੜ੍ਹਵਾਲ ਖੇਤਰ ਵਿੱਚ ਸਥਿਤ ਪ੍ਰਸਿੱਧ ਗੰਗੋਤਰੀ ਅਤੇ ਯਮੁਨੋਤਰੀ ਧਾਮ ਦੇ ਕਿਵਾੜ 6 ਮਹੀਨੇ ਬੰਦ ਰਹਿਣ ਤੋਂ ਬਾਅਦ ਮੰਗਲਵਾਰ ਅਕਸ਼ੈ ਤ੍ਰਿਤਯ ਦੇ ਮੌਕੇ ਸ਼ਰਧਾਲੂਆਂ ਲਈ ਖੋਲ੍ਹ ਦਿੱਤੇ ਗਏ । ਨਾਲ ਹੀ ਚਾਰਧਾਮ ਯਾਤਰਾ ਸ਼ੁਰੂ ਹੋ ਗਈ।

ਉੱਤਰਕਾਸ਼ੀ ਜ਼ਿਲੇ 'ਚ ਸਥਿਤ ਗੰਗੋਤਰੀ ਅਤੇ ਯਮੁਨੋਤਰੀ ਧਾਮ ਦੇ ਕਿਵਾੜ ਕ੍ਰਮਵਾਰ ਸਵੇਰੇ 11.15 ਵਜੇ ਅਤੇ ਦੁਪਹਿਰ 12.15 'ਤੇ ਪੂਜਾ ਅਰਚਨਾ ਤੋਂ ਬਾਅਦ ਖੋਲ੍ਹੇ ਗਏ। ਗੰਗੋਤਰੀ ਮੰਦਰ ਦੇ ਖੁਲ੍ਹਣ ਮੌਕੇ ਹਜ਼ਾਰਾਂ ਸ਼ਰਧਾਲੂਆਂ ਨਾਲ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਵੀ ਮੌਜੂਦ ਸਨ।

ਮੰਦਰ ਖੋਲ੍ਹਣ ਤੋਂ ਬਾਅਦ ਸਭ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ 'ਤੇ ਪੂਜਾ ਅਰਚਨਾ ਕੀਤੀ ਗਈ। ਦੋ ਹੋਰ ਮੰਦਰ ਕੇਦਾਰਨਾਥ ਅਤੇ ਬਦਰੀਨਾਥ ਜੋ ਚਾਰਧਾਮ ਵਜੋਂ ਮਸ਼ਹੂਰ ਹਨ, ਦੇ ਕਿਵਾੜ ਕ੍ਰਮਵਾਰ 6 ਮਈ ਅਤੇ 8 ਮਈ ਨੂੰ ਖੁੱਲ੍ਹਣਗੇ। ਧਾਮੀ ਨੇ ਯਮੁਨੋਤਰੀ ਧਾਮ ਦੇ ਮੁੱਖ ਪੁਜਾਰੀਆਂ ਅਤੇ ਉੱਥੇ ਮੌਜੂਦ ਸਾਰੇ ਸ਼ਰਧਾਲੂਆਂ ਨੂੰ ਮੰਦਰ ਦੇ ਕਿਵਾੜ ਖੋਲ੍ਹਣ ਮੌਕੇ ਆਪਣੀਆਂ ਸ਼ੁੱਭਕਾਮਨਾਵਾਂ ਦਿੱਤੀਆਂ।

ਚਾਰਧਾਮ ਲਈ ਸੈਰ ਸਪਾਟਾ ਵਿਭਾਗ ਦੇ ਆਨਲਾਈਨ ਪੋਰਟਲ 'ਤੇ ਰਜਿਸਟ੍ਰੇਸ਼ਨ ਲਈ ਸ਼ਰਧਾਲੂਆਂ ਦੀ ਭਾਰੀ ਭੀੜ ਦੇ ਮੱਦੇਨਜ਼ਰ ਸੂਬਾ ਸਰਕਾਰ ਨੇ ਧਾਮਾਂ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਦੀ ਗਿਣਤੀ 'ਚ ਕਟੌਤੀ ਕਰਨ ਦਾ ਫੈਸਲਾ ਕੀਤਾ ਹੈ। ਹਰ ਰੋਜ਼ ਵੱਧ ਤੋਂ ਵੱਧ 15000 ਸ਼ਰਧਾਲੂ ਬਦਰੀਨਾਥ, 12000 ਕੇਦਾਰਨਾਥ, 7000 ਗੰਗੋਤਰੀ ਅਤੇ 4000 ਯਮੁਨੋਤਰੀ ਦੇ ਦਰਸ਼ਨ ਕਰਨ ਦੇ ਯੋਗ ਹੋਣਗੇ। ਇਹ ਪ੍ਰਬੰਧ ਪਹਿਲੇ 45 ਦਿਨਾਂ ਲਈ ਕੀਤਾ ਗਿਆ ਹੈ।

ਚਾਰਧਾਮ ਯਾਤਰਾ ਸ਼ੁਰੂ ਹੋਣ ਤੋਂ ਪਹਿਲਾਂ ਪੁਲਸ ਨੇ ਸੂਬੇ ਵਿੱਚ ਬਾਹਰੋਂ ਆਉਣ ਵਾਲੇ ਲੋਕਾਂ ਦੀ ਜਾਂਚ ਮੁਹਿੰਮ ਚਲਾਈ । ਕੁੱਲ 2526 ਵਿਅਕਤੀ ਸ਼ੱਕੀ ਵਿਅਕਤੀ ਪਾਏ ਗਏ ਜਿਨ੍ਹਾਂ ਵਿੱਚੋਂ 10 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਯਮੁਨੋਤਰੀ ਧਾਮ ਦੇ ਕਿਵਾੜ ਖੁੱਲ੍ਹਣ ਦੌਰਾਨ ਦਰਸ਼ਨਾਂ ਲਈ ਆਏ 2 ਸ਼ਰਧਾਲੂਆਂ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਦੋਵੇਂ ਨੇਤਰਹੀਣ ਸਨ ਅਤੇ ਆਪਣੇ ਆਰਾਮ ਸਥਾਨ 'ਤੇ ਸਨ। ਇੱਕ ਸ਼ਰਧਾਲੂ ਉੱਤਰ ਪ੍ਰਦੇਸ਼ ਦਾ ਅਤੇ ਦੂਜਾ ਰਾਜਸਥਾਨ ਦਾ ਰਹਿਣ ਵਾਲਾ ਸੀ।

# ਇੰਜੀ. ਐਸ ਬੋਪਾਰਾਏ ਨੇ ਸੰਭਾਲਿਆ ਡਿਪਟੀ ਚੀਫ ਇੰਜੀਨੀਅਰ ਦਾ ਅਹੁੱਦਾ



**ਗੁਰਦਾਸਪੁਰ/ਨਵਨੀਤ ਕੁਮਾਰ**

ਪਾਵਰਕਾਮ ਵੱਲੋਂ ਉਚ ਅਧਿਕਾਰੀਆਂ ਦੀਆਂ ਕੀਤੀਆਂ ਗਈਆਂ ਬਦਲੀਆਂ ਤਹਿਤ ਸਰਕਲ ਗੁਰਦਾਸਪੁਰ ਵਿਚ ਡਿਪਟੀ ਚੀਫ ਇੰਜੀਨੀਅਰ ਵਜੋਂ ਤੈਨਾਤ ਕੀਤੇ ਗਏ ਇੰਜੀ. ਅਰਵਿੰਦਰਜੀਤ ਸਿੰਘ ਬੋਪਾਰਾਏ ਨੇ ਅੱਜ ਆਪਣਾ ਅਹੁੱਦਾ ਸੰਭਾਲ ਲਿਆ ਹੈ। ਇਸ ਤੋਂ ਪਹਿਲਾਂ ਉਹ ਅੰਮ੍ਰਿਤਸਰ ਵਿਖੇ ਐਸਈ (ਪੀ ਐਂਡ ਐਮ) ਵਜੋਂ ਤੈਨਾਤ ਸਨ। ਅੱਜ ਗੁਰਦਾਸਪੁਰ ਸਰਕਲ ਵਿਚ ਅਹੁੱਦਾ ਸੰਭਾਲਣ ਮੌਕੇ ਪਾਵਰਕਾਮ ਦੇ ਐਕਸੀਅਨ ਦੀਪਕ ਕੁਮਾਰ, ਮੋਹਤਮ ਸਿੰਘ, ਜਗਜੋਤ ਸਿੰਘ, ਜਗਤਾਰ ਸਿੰਘ, ਗਗਨ ਭਾਸਕਰ, ਸੇਵਾ ਮੁਕਤ ਐਕਸੀਅਨ ਸਤਨਾਮ ਸਿੰਘ ਬੁੱਟਰ, ਐਕਸੀਅਨ ਸੁਰੇਸ਼ ਕਸ਼ਯਪ, ਐਸਡੀਓ ਜਸਦੀਪ ਸਿੰਘ, ਸੁਦਰਸ਼ਨ ਸਿੰਘ ਰੰਧਾਵਾ ਅਤੇ ਰਵਿੰਦਰ ਸਿੰਘ ਬੁੱਟਰ ਆਦਿ ਨੇ ਫੁੱਲਾਂ ਦੇ ਗੁਲਦਸਤੇ ਦੇ ਕੇ ਇੰਜੀ.ਬੋਪਾਰਾਏ ਦਾ ਮੂੰਹ ਮਿੱਠਾ ਕਰਵਾਇਆ। ਇਸ ਉਪਰੰਤ ਬੋਪਾਰਾਏ ਨੇ ਸਮੂਹ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਕਿਹਾ ਕਿ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦੇਣ ਦੇ ਮਾਮਲੇ ਵਿਚ ਕੋਈ ਢਿੱਲ ਨਾ ਵਰਤੀ ਜਾਵੇ। ਉਨਾਂ ਕਿਹਾ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪਾਵਰਕਾਮ ਦਫਤਰਾਂ ਦਾ ਕੰਮ ਕਾਜ ਹੋਰ ਬਿਹਤਰ ਬਣਾਇਆ ਜਾਵੇ ਤੇ ਦਫਤਰ ਵਿਚ ਆਉਣ ਵਾਲੇ ਲੋਕਾਂ ਦੇ ਕੰਮ ਬਿਨਾਂ ਦੇਰੀ ਦੇ ਤੁਰੰਤ ਕੀਤੇ ਜਾਣ। ਉਨਾਂ ਸਮੂਹ ਸਟਾਫ ਨੂੰ ਭਰੋਸਾ ਦਵਾਇਆ ਕਿ ਮੁਲਾਜਮਾਂ ਦੇ ਮਸਲੇ ਵੀ ਹੱਲ ਕੀਤੇ ਜਾਣਗੇ।

# ਰਵਿੰਦਰਪਾਲ ਸਿੰਘ ਸੰਧੂ ਨੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਦਾਸਪੁਰ ਦਾ ਅਹੁਦਾ ਸੰਭਾਲਿਆ

**ਗੁਰਦਾਸਪੁਰ/ਨਵਨੀਤ ਕੁਮਾਰ**

ਸ. ਰਵਿੰਦਰਪਾਲ ਸਿੰਘ ਸੰਧੂ ਨੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਦਾਸਪੁਰ ਦਾ ਅਹੁਦਾ ਸੰਭਾਲ ਲਿਆ ਹੈ। ਅਹੁਦਾ ਸੰਭਾਲਣ ਮੋਕੇ ਸ. ਸੰਧੂ ਨੇ ਗੱਲਬਾਤ ਦੋਰਾਨ ਕਿਹਾ ਕਿ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਹੇਠਲੇ ਪੱਧਰ ਤਕ ਲਾਭ ਪੁਜਦਾ ਕਰਨ ਨੂੰ ਯਕੀਨੀ ਬਣਾਇਆ ਜਾਵੇਗਾ ਤੇ ਹਰੇਕ



ਵਿਅਕਤੀ ਦੀ ਸਮੱਸਿਆ ਪਹਿਲ ਦੇ ਆਧਾਰ 'ਤੇ ਹੱਲ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਸ. ਰਵਿੰਦਰਪਾਲ ਸਿੰਘ ਸੰਧੂ ਮੋਗਾ ਵਿਖੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਜੋਂ ਸੇਵਾਵਾਂ ਨਿਭਾ ਰਹੇ ਸਨ। ਗੁਰਦਾਸਪੁਰ ਵਿਖੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਜੋਂ ਸੇਵਾਵਾਂ ਨਿਭਾ ਰਹੇ ਸ. ਬਲਰਾਜ ਸਿੰਘ ਦਾ ਤਬਾਦਲਾ ਮੁੱਖ ਦਫਤਰ, ਚੰਡੀਗੜ੍ਹ ਪੰਜਾਬ ਵਿਖੇ ਹੋਇਆ ਹੈ। ਵਧੀਕ ਡਿਪਟੀ ਕਮਿਸ਼ਨਰ ਸ. ਸੰਧੂ ਨੇ ਦਫਤਰ ਦੇ ਕਰਮਚਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਦਫਤਰ ਵਿਚ ਆਉਣ ਵਾਲੇ ਹਰੇਕ ਵਿਅਕਤੀ ਦੇ ਕੰਮ ਪਹਿਲ ਦੇ ਆਧਾਰ ਤੇ ਹੱਲ ਕੀਤੇ ਜਾਣ ਅਤੇ ਸਰਕਾਰ ਦੀਆਂ ਸਕੀਮਾਂ ਸੁਚਾਰੂ ਢੰਗ ਨਾਲ ਲਾਗੂ ਕੀਤੀਆਂ ਜਾਣ। ਉਨਾਂ ਕਿਹਾ ਕਿ ਮਗਨਰੇਗਾ ਅਤੇ ਹੋਰ ਵੱਖ-ਵੱਖ ਸਕੀਮਾਂ ਦਾ ਲਾਭ ਹੇਠਲੇ ਪੱਧਰ ਤਕ ਪੁਹੰਚਾਉਣ ਵਿਚ ਕੋਈ ਢਿੱਲਮੱਠ ਨਾ ਵਰਤੀ ਜਾਵੇ।

# ਮੁਫ਼ਤ ਸਹੂਲਤਾਂ ਦੇਣਾ ਆਮ ਬੰਦੇ ਨੂੰ ਲਾਚਾਰ ਬਣਾਉਣਾ

**ਸ਼ੇਰਪੁਰ/ਯਾਦਵਿੰਦਰ ਸਿੰਘ ਮਾਹੀ:-** ਕਿਸੇ ਵੀ ਦੇਸ਼ ਨੂੰ ਤਰੱਕੀ ਵੱਲ ਲੈ ਕੇ ਜਾਣਾ ਹੋਵੇ ਤਾਂ ਸਰਕਾਰਾਂ ਦੇ ਨਾਲ ਨਾਲ ਦੇਸ਼ ਦੀ ਜਨਤਾ ਦਾ ਸਹਿਯੋਗ ਵੀ ਜ਼ਰੂਰੀ ਹੁੰਦਾ ਹੈ ਸਾਡੇ ਪੰਜਾਬ ਅੰਦਰ ਆਪਣੀ ਕੁਰਸੀ ਲਈ ਲੋਕਾਂ ਨੂੰ ਮੁਫ਼ਤ ਸਹੂਲਤਾਂ ਦੇਣ ਕਰਕੇ ਪੰਜਾਬ ਦਿਨੋਂ ਦਿਨ ਕਰਜ਼ੇ ਦੇ ਬੋਝ ਹੇਠਾਂ ਆ ਰਿਹਾ ਹੈ ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸਾਬਕਾ ਸਰਪੰਚ ਗੁਰਮੀਤ ਸਿੰਘ ਖਾਲਸਾ ਨੇ ਕੀਤਾ ਅਤੇ ਕਿਹਾ ਕਿ ਪੰਜਾਬ ਅੰਦਰ 3 ਲੱਖ ਕਰੋੜ ਕਰਜ਼ਾ ਹੈ ।ਪੰਜਾਬ ਉੱਪਰ ਇਹ ਓਨਾ ਆਸਾਨ ਨਹੀਂ, ਕਦੇ ਮੁਫ਼ਤ ਆਟਾ- ਦਾਲ ਸਕੀਮ, ਕਦੇ ਬਿਜਲੀ ਮੁਫ਼ਤ ਦੀ ਸਕੀਮ ਨੇ ਪੰਜਾਬ ਦਾ ਦਿਵਾਲਾ ਕੱਢ ਦਿੱਤਾ ਹੈ, ਆਏ ਦਿਨ ਪਾਵਰਕਾਮ ਨੂੰ ਬਿਜਲੀ ਦੇ ਸੰਕਟ ਨਾਲ ਜੂਝਣਾ ਪੈ ਰਿਹਾ ਹੈ ਜੋ ਕਿ ਆਮ ਜਨਤਾ ਤੇ ਬੋਝ ਹੈ।ਉਨ੍ਹਾਂ ਨੇ ਕਿਹਾ ਕਿ ਮੁਫ਼ਤ ਬਿਜਲੀ ਦੀ ਸਹੂਲਤ ਤੇ ਜਿਹੜਾ ਕਰਜ਼ਾ ਸਰਕਾਰ ਨੇ ਹਰ ਸਾਲ ਭਰਨਾ,ਉਹ ਘਾਟਾ ਕਿਹੜੀ ਸਰਕਾਰ ਪੂਰਾ ਕਰੇਗੀ. ? ਇਸ ਤੋਂ ਬਿਹਤਰ ਇਹ ਹੈ ਕਿ ਮੁਫ਼ਤ ਸਹੂਲਤਾਂ ਬੰਦ ਕੀਤੀਆਂ ਜਾਣ ਤਾਂ ਕਿ ਪੰਜਾਬ ਦੇ ਲੋਕ ਮਿਹਨਤ ਕਰਕੇ ਆਪਣਾ ਯੋਗਦਾਨ ਪਾ ਸਕਣਗੇ।ਉਨ੍ਹਾਂ ਕੇਂਦਰ ਸਰਕਾਰ ਨੂੰ ਵੀ ਅਪੀਲ ਕੀਤੀ ਹੈ ਕਿ ਪੈਟਰੋਲ ਡੀਜ਼ਲ ਰਸੋਈ ਗੈਸ ਅਤੇ ਹੋਰ ਜ਼ਰੂਰੀ ਘਰੇਲੂ ਵਸਤੂਆਂ ਦੀ ਦੀਆਂ ਲਗਾਤਾਰ ਵਧ ਰਹੀਆਂ ਕੀਮਤਾਂ ਤੇ ਕੰਟਰੋਲ ਕਰੇ ਅਤੇ ਮਹਿੰਗਾਈ ਨੂੰ ਘੱਟ ਕਰਕੇ ਲੋਕਾਂ ਨੂੰ ਇਸ ਸਮੱਸਿਆ ਤੋਂ ਰਾਹਤ ਦੇਵੇ ਤਾਂ ਜੋ ਆਮ ਲੋਕਾਂ ਨੂੰ ਵਧਦੀ ਮਹਿੰਗਾਈ ਤੋਂ ਨਿਜਾਤ ਮਿਲੇ ਸਕੇ ਹਾਂ ਜੇਕਰ ਇਹੋ ਹਾਲ ਰਿਹਾ ਤਾਂ ਨਤੀਜਾ ਭੁਗਤਣਾ ਪਵੇਗਾ ਠੀਕ ਉਸੇ ਤਰ੍ਹਾਂ ਜਿਵੇਂ ਸ੍ਰੀਲੰਕਾ ਮੁਫ਼ਤ ਸਹੂਲਤਾਂ ਦੇ ਕੇ ਹੁਣ ਸੰਕਟ ਨਾਲ ਭੁਗਤ ਰਿਹਾ ਹੈ।



# ਮਨੁੱਖਤਾ, ਦਰੱਖਤਾਂ, ਪਸ਼ੂ ਪੰਛੀਆਂ ਤੇ ਜੀਵ ਜੰਤੂਆਂ ਦੀਆਂ ਜਾਨਾਂ ਨਾਲ ਖਿਲਵਾੜ ਕਿਉਂ ! : ਦਿਲਬਾਗ ਮੇਲਕ ਕੰਗਾ

## ਅੱਗ ਲਗਾਉਣ ਤੇ ਸਰਕਾਰ ਪੱਟੇ ਠੋਸ ਕਦਮ

**ਮੋਗਾ/ਦਵਿੰਦਰ ਸਿੰਘ/ਬਿੱਟੂ ਸਹੋਤਾ**

ਪੰਜਾਬ ਅੰਦਰ ਫਸਲਾਂ ਦੀ ਰੂਦ ਖੂਦ ਨੂੰ ਅੱਗ ਲਗਾਉਣ ਦਾ ਰੁਝਾਨ ਰੁਕਣ ਦਾ ਨਾਂ ਨਹੀਂ ਲੈ ਰਿਹਾ ਅਤੇ ਹਰ ਇਨਸਾਨ ਆਪਣੇ ਥੋੜ੍ਹੇ ਜਿਹੇ ਫ਼ਾਇਦੇ ਲਈ ਮਨੁੱਖਤਾ ਜੀਵ ਜੰਤੂਆਂ ਪਸ਼ੂ ਪੰਛੀਆਂ ਅਤੇ ਕੀਮਤੀ ਦਰੱਖਤਾਂ ਦੀਆਂ ਜਾਨਾਂ ਨਾਲ ਖਿਲਵਾੜ ਕਰ ਰਿਹਾ ਹੈ ਜਿਸ ਦਾ ਸਿੱਧਾ ਨੁਕਸਾਨ ਮਨੁੱਖਤਾ ਤੇ ਪੈਂਦਾ ਹੈ ਅੱਜ ਪੰਜਾਬ ਅੰਦਰ ਸਮਾਜ ਸੇਵੀ ਬੁੱਧੀਜੀਵ ਅਤੇ ਵਾਤਾਵਰਣ ਨੂੰ ਸ਼ੁੱਧ ਰੱਖਣ ਵਾਲੀਆਂ ਬਹੁਤ ਜਥੇਬੰਦੀਆਂ ਨੇ ਵਾਤਾਵਰਨ ਤੇ ਪਾਣੀ ਨੂੰ ਬਚਾਉਣ ਲਈ ਪੰਜਾਬ ਸਰਕਾਰ ਦਾ ਸਾਥ ਦੇ ਰਹੇ ਹਨ ਅਤੇ ਹਰ ਸੰਭਵ ਵੱਡੇ ਪੱਧਰ ਤੇ ਦਰੱਖਤ ਲਗਾ ਕੇ ਵਾਤਾਵਰਨ ਨੂੰ ਸ਼ੁੱਧ ਕਰਨ ਲਈ ਅਹਿਮ ਯੋਗਦਾਨ ਪਾ ਰਹੇ ਹਨ ਪਰ ਕੁਝ ਅਜਿਹੇ ਨਰਦਈ ਅਤੇ ਬੇ ਸਮਝ ਲੋਕ ਹਨ ਜਿਨ੍ਹਾਂ ਨੇ ਸੁਧਰਨ ਦੀ ਬਜਾਏ ਕੁਦਰਤ ਦੇ ਨਿਯਮਾਂ ਨਾਲ ਵੀ ਖਿਲਵਾੜ ਕਰਨਾ ਸ਼ੁਰੂ ਕਰ ਦਿੱਤਾ ਹੈ ਤੇ ਵਾਤਾਵਰਨ ਦੀ ਐਸੀ ਦੀ ਤੈਸੀ ਬਣਾ ਦਿੱਤੀ ਹੈ ਇਸ ਲਈ ਪੰਜਾਬ ਸਰਕਾਰ ਨੂੰ ਅਜਿਹੇ ਬੇ ਸਮਝ ਲੋਕਾਂ ਤੇ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਕਿ ਮਨੁੱਖਤਾ ਦੀਆਂ ਕੀਮਤੀ ਜਾਨਾਂ ਬਚਾਈਆਂ ਜਾ ਸਕਣ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪ੍ਰੈਸ ਦੇ ਰੂਬਰੂ ਹੁੰਦਿਆਂ ਦਿਲਬਾਗ ਸਿੰਘ ਮੇਲਕ ਕੰਗਾਂ ਨੇ ਕੀਤਾ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਨੈਸ਼ਨਲ ਹਾਈਵੇਜ਼ ਲਿਕ ਰੋੜ੍ਹਾ ਤੇ ਲੱਗੇ ਦਰੱਖਤਾਂ ਅਤੇ ਮਚੇ ਦਰੱਖ਼ਤਾਂ ਦੀ ਭਰਾਈ ਲਈ ਸਖ਼ਤ ਕਦਮ ਪੁੱਟਣੇ ਚਾਹੀਦੇ ਹਨ ਤਾਂ ਜੋ ਕਿ ਲੋਕਾ ਵੱਲੋ ਅੱਗ ਲਗਾਉਣ ਵਿੱਚ ਸੁਧਾਰ ਹੋ ਸਕੇ ਅਤੇ ਥਾਂ ਥਾਂ ਤੇ ਵਾਪਰ ਰਹੀਆਂ ਵੱਡੀਆਂ ਦੁਖਦਈ ਦੁਰਘਟਨਾਵਾਂ ਰੋਕੀਆਂ ਜਾ ਸਕਣ ਉਨ੍ਹਾਂ ਭਰੇ ਮਨ ਨਾਲ ਕਿਹਾ ਕਿ ਅੱਗ ਲੱਗਣ ਦੇ ਕਾਰਨ ਜੋ ਪਿਛਲੇ ਦਿਨੀਂ ਕੀਮਤੀ ਜਾਨਾਂ ਦਾ ਨੁਕਸਾਨ ਹੋਇਆ ਹੈ ਇਸ ਦਾ ਜ਼ਿੰਮੇਵਾਰ ਕੌਣ ਕੁਦਰਤ ਦੇ ਨਿਯਮਾਂ ਪ੍ਰਤੀ ਇਨਸਾਨ ਸਮਝ ਸਕਦਾ ਹੈ ਪਰ ਮਨੁੱਖ ਵੱਲੋਂ ਕੀਤੇ ਗਏ ਭੇੜੇ ਕੰਮਾਂ ਤੇ ਇਨਸਾਨ ਚੁੱਪ ਨਹੀਂ ਰਹਿ ਸਕਦਾ ਜਿਸ ਦਾ ਦਰਦ ਉਹਨੂੰ ਹਮੇਸ਼ਾਂ ਸਤਾਉਂਦਾ ਰਹਿੰਦਾ ਹੈ।



# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਜਨਮ ਦਿਵਸ ਮੌਕੇ ਰਾਜ ਪੱਧਰੀ ਸਮਾਗਮ ਲੁਧਿਆਣਾ ਵਿਖੇ ਭਲਕੇ

**ਲੁਧਿਆਣਾ/ਸੁਖਚੈਨ ਮਹਿਰਾ,ਕਰਨ ਅੱਗਰਵਾਲ**

ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆਂ ਜੀ ਦੇ ਜਨਮ ਦਿਵਸ @ਤੇ ਰਾਜ ਪੱਧਰੀ ਸਮਾਗਮ ਮਿਤੀ 05 ਮਈ, 2022 ਨੂੰ ਸਥਾਨਕ ਡਾ. ਮਨਮੋਹਨ ਸਿੰਘ ਆਡੀਟੋਰੀਅਮ, ਪੀ.ਏ.ਯੂ. ਲੁਧਿਆਣਾ ਵਿਖੇ ਮਨਾਇਆ ਜਾਵੇਗਾ ਜਿਸ ਦੇ ਮੁੱਖ ਮਹਿਮਾਨ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਮਾਨ ਹੋਣਗੇ, ਇਹ ਜਾਣਕਾਰੀ ਡਿਪਟੀ ਕਮਿਸ਼ਨਰ ਲੁਧਿਆਣਾ ਸ਼੍ਰੀਮਤੀ ਸੁਰਭੀ ਮਲਿਕ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਵਿੱਚ ਰਾਮਗੜ੍ਹੀਆ ਭਾਈਚਾਰੇ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਦਾ ਮੁੱਖ ਮੰਤਰੀ ਜੀ ਵੱਲੋਂ ਸਨਮਾਨ ਵੀ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ @@ਪੰਜਾਬ ਸਰਕਾਰ ਵੱਲੋਂ ਸਭ ਤੋਂ ਪਹਿਲਾਂ ਦੇਸ਼ ਦੇ ਮਹਾਨ ਸ਼ਹੀਦਾਂ ਦੇ ਜਨਮ/ਸ਼ਹੀਦੀ ਦਿਹਾੜੇ ਰਾਜ ਪੱਧਰ @ਤੇ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ, ਤਾਂ ਜੋ ਆਉਣ ਵਾਲੀਆਂ ਨੌਜਵਾਨ ਪੀੜ੍ਹੀਆਂ ਸਾਡੇ ਮਹਾਨ ਯੋਧਿਆਂ ਦੇ ਜੀਵਨ ਅਤੇ ਕੁਰਬਾਨੀ ਭਰੇ ਇਤਿਹਾਸ ਤੋਂ ਸੇਧ ਲੈ ਸਕਣ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਜਿੱਥੇ ਸਾਡੇ ਦੇਸ਼ ਅਤੇ ਸਿੱਖ ਕੌਮ ਦੇ ਇਤਿਹਾਸ ਨੂੰ ਜੀਵਤ ਰੱਖਣ ਦੇ ਮਨਸ਼ੇ ਨਾਲ ਵੱਖ-ਵੱਖ ਯਾਦਗਾਰਾਂ ਉਸਾਰੀਆਂ ਹਨ, ਉਥੇ ਹੀ ਜਾਂਬਾਜ਼ ਸੂਰਮੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਵਡਮੁੱਲੇ ਯੋਗਦਾਨ ਨੂੰ ਵੀ ਅਣਗੌਲ਼ਿਆ ਨਹੀਂ ਕੀਤਾ ਜਾ ਸਕਦਾ। ਉਹਨਾਂ ਕਿਹਾ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਵੱਡੀ ਗਿਣਤੀ ਵਿੱਚ ਦੇਸ਼ ਭਗਤਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਅਤੇ ਪੰਜਾਬੀ ਹਮੇਸਾਂ ਕਰਬਾਨੀਆਂ ਕਰਨ ਵਿੱਚ ਅੱਗੇ ਰਹੇ ਹਨ।

# ਮੋਤੀ ਮਹਿਲ ਵਿਖੇ ਪੂਰਵ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਗਰ ਨਿਗਮ ਚੁਣਾਵ ਨੂੰ ਲੈ ਕੇ ਕੀਤਾ ਬੜਾ ਐਲਾਨ

**ਪਟਿਆਲਾ/ਇਕਬਾਲ ਸਿੰਘ:** ਮੋਤੀ ਮਹਿਲ ਵਿਖੇ ਕੈਪਟਨ ਅਮਰਿੰਦਰ ਸਿੰਘ ਦੇ ਵੱਲੋਂ ਪੰਜਾਬ ਨਗਰ ਨਿਗਮ ਚੋਣਾਂ ਨੂੰ ਲੈ ਕੇ ਕੀਤਾ ਗਿਆ ਵੱਡਾ ਐਲਾਨ ਬੀਤੇ ਦਿਨ ਮੋਤੀ ਮਹਿਲ ਤੋਂ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਸਾਬਕਾ ਸੀਐੱਮ ਕੈਪਟਨ ਅਮਰਿੰਦਰ ਸਿੰਘ ਦੇ ਵੱਲੋਂ ਇਕ ਵੱਡਾ ਐਲਾਨ ਕਰਦਿਆਂ ਹੋਏ ਕਿਹਾ ਗਿਆ ਕਿ 2022 ਦੀਆਂ ਚੋਣਾਂ ਦੇ ਵਿਚ ਦੇਸ਼ ਨੂੰ ਅਹਿਮ ਸਰਕਾਰ ਦੀ ਲੋੜ ਹੈ ਕਿਉਕਿ ਵਿਧਾਨ ਸਭਾ ਚੋਣਾਂ ਦੇ ਵਿਚ ਪੀ ਐਲ ਸੀ ਉਮੀਦਵਾਰਾਂ ਦੇ ਨਾਲ਼ ਮੋਤੀ ਮਹਿਲ ਦੇ ਵਿਚ ਮੀਟਿੰਗ ਕੀਤੀ ਗਈ ਨਾਲ ਹੀ ਆਉਣ ਵਾਲੇ 2024 ਦੀ ਚਰਚਾ ਕੀਤੀ ਗਈ।



# ਪਟਿਆਲੇ ਦੇ ਮਾਤਾ ਸ਼੍ਰੀ ਕਾਲੀ ਦੇਵੀ ਮੰਦਰ 'ਤੇ ਹਮਲੇ ਦਾ ਮਾਮਲਾ

**ਪਟਿਆਲਾ/ਇਕਬਾਲ ਸਿੰਘ:** ਭਾਰਤ ਵਿੱਚ ਮਸ਼ਹੂਰ ਪਟਿਆਲਾ ਦੇ ਮਾਤਾ ਸ਼੍ਰੀ ਕਾਲੀ ਦੇਵੀ ਜੀ ਮੰਦਿਰ ਦੇ ਨਾਂਅ ਨਾਲ ਪ੍ਰਸਿੱਧ ਪ੍ਰਾਚੀਨ ਧਾਰਮਿਕ ਸਥਾਨ @ਤੇ ਸ਼ਰਾਰਤੀ ਅਨਸਰਾਂ ਵੱਲੋਂ ਕੁਝ ਹੀ ਦਿਨ ਪਹਿਲਾਂ ਕੀਤੇ ਗਏ ਹਮਲੇ ਦੀ ਦੁਨੀਆ ਭਰ ਦੇ ਸਾਰੇ ਧਰਮਾਂ ਦੇ ਲੋਕਾਂ ਨੇ ਨਿਖੇਧੀ ਕੀਤੀ ਹੈ। ਪਰ ਉਥੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਲੋਕ ਉਨ੍ਹਾਂ ਦੋਸ਼ੀਆਂ ਦੇ ਨਾਲ ਖੜ੍ਹੇ ਦਿਖਾਈ ਦੇਣ ਦੀ ਕੋਸ਼ਿਸ਼ ਕਰ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲੋਕ ਪ੍ਰਸ਼ਾਸਨ @ਤੇ ਬੇਲੋੜਾ ਦਬਾਅ ਪਾ ਕੇ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਕਿ ਨਿੰਦਣਯੋਗ ਹੈ। ਦੇਵੀ ਮਾਤਾ ਸ਼੍ਰੀ ਕਾਲੀ ਮਾਤਾ ਮੰਦਿਰ @ਤੇ ਹਮਲਾ ਸ਼੍ਰੀ ਦਰਬਾਰ ਸਾਹਿਬ @ਤੇ ਹਮਲੇ ਵਰਗਾ ਹੀ ਹੈ। ਦੋਸ਼ੀਆਂ ਨੂੰ ਬਚਾ ਕੇ ਸ਼੍ਰੋਮਣੀ ਕਮੇਟੀ ਦੇ ਲੋਕ ਹਿੰਦੂਆਂ ਦੇ ਜ਼ਖਮਾਂ @ਤੇ ਲੂਣ ਛਿੜਕ ਰਹੇ ਹਨ। ਐਸਜੀਪੀਸੀ @ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਕੰਟਰੋਲ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਆਪਣੀ ਪਾਰਟੀ ਦਾ ਸਟੈਂਡ ਸਪੱਸ਼ਟ ਕਰਨਾ ਚਾਹੀਦਾ ਹੈ ਅਤੇ ਜਿਹੜੇ ਹਿੰਦੂ ਅਕਾਲੀ ਦਲ ਬਾਦਲ ਵਿਚ ਹਨ, ਉਨ੍ਹਾਂ ਨੂੰ ਵੀ ਵਿਚਾਰ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਦੀ ਜ਼ਮੀਰ ਕੀ ਕਹਿੰਦੀ ਹੈ। ਪੰਜਾਬ ਵਿੱਚ ਹਿੰਦੂਆਂ ਨੂੰ ਡਰਾਇਆ ਜਾ ਰਿਹਾ ਹੈ। ਪੁਲੀਸ ਵੀ ਇਸ ਮਾਮਲੇ ਵਿੱਚ ਨਿਰਪੱਖ ਸਥਿਤੀ ਵਿੱਚ ਨਜ਼ਰ ਆ ਰਹੀ ਹੈ।

ਬੀਤੇ ਦਿਨ ਹੀ ਐਸਐਸਪੀ ਪਟਿਆਲਾ ਸ੍ਰੀ ਦੀਪਕ ਪਾਰਿਕ ਨੇ ਦੱਸਿਆ ਸੀ ਕਿ ਉਨ੍ਹਾਂ ਨੇ 10 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਪਰ ਵੀਡੀਓ @ਤੇ ਮਾਂ ਦਾ ਨਾਂ ਲੈ ਕੇ ਅਪਸ਼ਬਦ ਬੋਲਣ ਵਾਲੇ ਮੁਲਜ਼ਮ ਨੂੰ ਪੁਲਿਸ ਗ੍ਰਿਫ਼ਤਾਰ ਨਹੀਂ ਕਰ ਸਕੀ। ਅਸੀਂ ਸਰਕਾਰੀ ਪ੍ਰਸ਼ਾਸਨ ਨੂੰ ਸੁਚੇਤ ਕਰਦੇ ਹਾਂ ਕਿ ਉਹ ਕਿਸੇ ਵੀ ਦਬਾਅ ਹੇਠ ਦੋਸ਼ੀਆਂ @ਤੇ ਢਿੱਲ ਨਾ ਵਰਤਣ। ਜੇਕਰ ਹਿੰਦੂ ਸਮਾਜ ਪ੍ਰਸ਼ਾਸਨ ਨੂੰ ਸਹਿਯੋਗ ਦੇ ਰਿਹਾ ਹੈ ਤਾਂ ਇਸ ਦਾ ਮਤਲਬ ਇਹ ਨਾ ਲਿਆ ਜਾਵੇ ਕਿ ਹਿੰਦੂ ਕਮਜ਼ੋਰ ਹਨ। ਅਸੀਂ ਕਾਨੂੰਨ ਦੀ ਪਾਲਣਾ ਕਰਨ ਵਾਲੇ ਅਮਨ-ਸ਼ਾਂਤੀ ਪਸੰਦ ਲੋਕ ਹਾਂ ਅਤੇ ਅਸੀਂ ਚਾਹੁੰਦੇ ਹਾਂ ਕਿ ਜੋ ਵੀ ਦੋਸ਼ੀ ਹਨ, ਉਨ੍ਹਾਂ ਨੂੰ, ਬਿਨਾਂ ਕਿਸੇ ਭੇਦਭਾਵ ਦੇ, ਬਣਦੀ ਸਜ਼ਾ ਦਿੱਤੀ ਜਾਵੇ ਤਾਂ ਜੋ ਸ਼ਰਾਰਤੀ ਅਨਸਰਾਂ ਵਿਚ ਕਾਨੂੰਨ ਦਾ ਡਰ ਪੈਦਾ ਹੋਵੇ ਅਤੇ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਨਾ ਵਾਪਰਨ। ਅਸੀਂ, ਉਨ੍ਹਾਂ ਸਾਰੇ ਪੁਲਿਸ ਮੁਲਾਜ਼ਮਾਂ ਅਤੇ ਦੇਵੀ ਮਾਤਾ ਦੇ ਸ਼ਰਧਾਲੂਆਂ ਨੂੰ ਸਲਾਮ ਕਰਦੇ ਹਾਂ, ਜਿਨ੍ਹਾਂ ਨੇ ਆਪਣੀ ਜਾਨ @ਤੇ ਖੇਡ ਕੇ ਸ਼ਰਾਰਤੀ ਅਨਸਰਾਂ ਨੂੰ ਮੰਦਰ @ਚ ਦਾਖਲ ਹੋਣ ਤੋਂ ਰੋਕਿਆ, ਜਿਸ ਕਾਰਨ ਮੰਦਰ ਦਾ ਅੰਦਰਲਾ ਹਿੱਸਾ ਕਾਫੀ ਹੱਦ ਤੱਕ ਸੁਰੱਖਿਅਤ ਰਿਹਾ। ਪੰਜਾਬ ਦੇ ਸਮੂਹ ਲੋਕਾਂ ਨੇ ਬਹੁਤ ਵੱਡੇ ਮੈਂਡੇਟ ਦੇ ਨਾਲ ਮੁੱਖ ਮੰਤਰੀ ਦੀ ਕੁਰਸੀ ਭਗਵੰਤ ਮਾਨ ਸਰਕਾਰ ਨੂੰ ਸੌਂਪ ਦਿੱਤੀ ਹੈ। ਪ੍ਰੰਤੂ ਪੰਜਾਬ ਵਿਰੋਧੀ ਲੋਕ ਮੌਜੂਦਾ ਸਰਕਾਰ ਨੂੰ ਅਸਥਿਰ ਕਰਨ ਦੀਆਂ ਸਾਜ਼ਿਸ਼ਾਂ ਨਾਲ ਪੰਜਾਬ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਲਈ ਸਰਕਾਰ ਨੂੰ ਇਸ ਮਾਮਲੇ ਵਿੱਚ ਸਖ਼ਤੀ ਨਾਲ ਕੰਮ ਕਰਨਾ ਚਾਹੀਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਇਸ ਮਾਮਲੇ ਵਿੱਚ ਯੂਏਪੀਏ ਅਤੇ ਐਨਐਸਏ ਐਕਟ ਤਹਿਤ ਕੇਸ ਦਰਜ ਕਰਕੇ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਗਿਰਫ਼ਤਾਰ ਕੀਤਾ ਜਾਵੇ।

# ਦਸ਼ਮੇਸ਼ ਨਗਰ ਕੋਟ ਈਸੇ ਖਾਂ ਵਿਖੇ ਇਸਤਰੀ ਵਿੰਗ ਦੀ ਇਕਾਈ ਗਠਤ,ਮਨਜੀਤ ਕੌਰ ਨੂੰ ਬਣਾਇਆ ਪ੍ਰਧਾਨ-ਸੁੱਖ ਗਿੱਲ

**ਮੋਗਾ/ਦਵਿੰਦਰ ਸਿੰਘ ਬਿੱਟੂ:-** ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਜਿਲ੍ਹਾ ਪ੍ਰਧਾਨ ਯੂਥ ਵਿੰਗ ਸੁੱਖ ਗਿੱਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕੇ ਸੂਬਾ ਪ੍ਰਧਾਨ ਫਰਮਾਨ ਸਿੰਘ ਸੰਧੂ ਦੇ ਦਿਸ਼ਾ ਨਿਰਦੇਸ਼ਾਂ ਹੇਠ ਬੀਤੇ ਦਿਨੀ ਦਸ਼ਮੇਸ਼ ਨਗਰ ਕੋਟ ਈਸੇ ਖਾਂ ਵਿਖੇ ਗੁਰਵਿੰਦਰ ਸਿੰਘ ਦੀ ਪ੍ਰੇਰਨਾਂ ਸਦਕਾ ਅਤੇ ਸੁੱਖ ਗਿੱਲ ਜਿਲ੍ਹਾ ਪ੍ਰਧਾਨ ਯੂਥ ਵਿੰਗ ਦੀ ਅਗਵਾਈ ਵਿੱਚ ਦਸ਼ਮੇਸ਼ ਨਗਰ ਕੋਟ ਈਸੇ ਖਾਂ ਦੀ ਇਕਾਈ ਗਠਤ ਕੀਤੀ ਗਈ,ਜਿਸ ਵਿੱਚ ਇਸਤਰੀ ਵਿੰਗ ਦੀ ਇਕਾਈ ਪ੍ਰਧਾਨ ਮਨਜੀਤ ਕੌਰ ਪਤਨੀ ਸੁਰਜੀਤ ਸਿੰਘ,ਗੁਰਜੀਤ ਕੌਰ ਮੀਤ ਪ੍ਰਧਾਨ,ਸੁਰਜੀਤ ਕੌਰ ਸੀਨੀਅਰ ਮੀਤ ਪ੍ਰਧਾਨ,ਸੁਨੀਤਾ ਰਾਣੀ ਖਜ਼ਾਨਚੀ,ਸੁਰਜੀਤ ਸਿੰਘ ਨੂੰ ਖਜ਼ਾਨਚੀ ਬਣਾਇਆ ਗਿਆ,ਇਸ ਮੌਕੇ ਸੁੱਖ ਗਿੱਲ ਜ਼ਿਲ੍ਹਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਪੰਜਾਬ,ਦਵਿੰਦਰ ਸਿੰਘ ਸਰਪੰਚ ਬੱਗੇ ਇਕਾਈ ਪ੍ਰਧਾਨ, ਗੁਰਵਿੰਦਰ ਸਿੰਘ ਮੀਤ ਪ੍ਰਧਾਨ ਬਲਾਕ,ਜੋਗਿੰਦਰ ਸਿੰਘ ਘਲੋਟੀ ਮੀਤ ਪ੍ਰਧਾਨ ਇਕਾਈ,ਹਰਵਿੰਦਰਪਾਲ ਸਿੰਘ,ਤਲਵਿੰਦਰ ਸਿੰਘ ਗਿੱਲ,ਇੰਦਰ ਗਿੱਲ,ਅਰਸ਼ਦੀਪ ਵਾਰਿਸ ਵਾਲਾ ਹਾਜਰ ਸਨ ਅਤੇ 20 ਪਰਿਵਾਰਾਂ ਨੇ ਭਾਰਤੀ ਕਿਸਾਨ ਯੂਨੀਅਨ ਨਾਲ ਜੁੜਨ ਦਾ ਐਲਾਨ ਕੀਤਾ,ਇਸ ਮੌਕੇ ਸੁੱਖ ਗਿੱਲ ਨੇ ਸਾਰੇ ਮੈਂਬਰਾਂ ਨੂੰ ਜਥੇਬੰਦੀ ਵਿੱਚ ਆਉਣ ਤੇ ਜੀ ਆਇਆ ਆਖਿਆ!



# ਪੰਜਾਬੀ ਐਕਟਰ ਯੁੱਧਬੀਰ ਮਾਲਟੂ ਦਾ ਬ੍ਰਾਹਮਣ ਸਭਾ ਯੂਥ ਵਿੰਗ ਵਲੋਂ ਕੀਤਾ ਗਿਆ ਵਿਸ਼ੇਸ਼ ਸਨਮਾਨ



ਬਟਾਲਾ/ਸੁਖਨਾਮ ਸਿੰਘ

ਪੰਜਾਬੀ ਰੰਗਮੰਚ ਦੀ ਦੁਨੀਆਂ ਵਿੱਚ ਬਹੁਤ ਹੀ ਘੱਟ ਸਮੇਂ ਵਿੱਚ ਆਪਣੀ ਦਮਦਾਰ ਆਵਾਜ਼ ਅਤੇ ਪ੍ਰਭਾਵਸ਼ਾਲੀ ਅਦਾਕਾਰੀ ਕਰਕੇ ਵੱਡੀ ਪਹਿਚਾਣ ਬਨਾਉਣ ਵਾਲੇ ਪ੍ਰਸਿੱਧ ਥੀਏਟਰ ਅਤੇ ਸਕ੍ਰੀਨ ਐਕਟਰ ਯੁੱਧਬੀਰ ਸਿੰਘ ਮਾਲਟੂ ਦਾ ਬ੍ਰਾਹਮਣ ਸਮਾਜ ਵਲੋਂ ਸਨਮਾਨ ਚਿੰਨ੍ਹ ਅਤੇ ਗਲ ਵਿਚ ਮਾਲਾ ਪਾ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ ?। ਬਿਤੇ ਦਿਨੀਂ ਬ੍ਰਾਹਮਣ ਸਭਾ ਯੂਥ ਵਿੰਗ ਵਲੋਂ ਬਟਾਲਾ ਸ਼ਹਿਰ ਵਿੱਚ ਭਗਵਾਨ ਪਰਸ਼ੂਰਾਮ ਜੇਅੰਤੀ ਮੌਕੇ ਪਰਸ਼ੂਰਾਮ ਜੀ ਦੇ ਜੀਵਨ ਉਤੇ ਅਧਾਰਤ ਇੱਕ ਲਾਈਵ-ਸ਼ੋ ਦਾ ਆਯੋਜਨ ਕੀਤਾ ਗਿਆ ਸੀ ਜਿਸ ਵਿੱਚ ਐਕਟਰ ਯੁੱਧਬੀਰ ਮਾਲਟੂ ਵਲੋਂ ਪਰਸ਼ੂਰਾਮ ਜੀ ਦਾ ਕਿਰਦਾਰ ਬਹੁਤ ਹੀ ਦਮਦਾਰ ਰੂਪ ਵਿੱਚ ਨਿਭਾ ਕੇ ਹਜ਼ਾਰਾਂ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ ਉਥੇ ਹੀ ਬ੍ਰਾਹਮਣ ਸਭਾ ਯੂਥ ਵਿੰਗ ਵਲੋਂ ਪ੍ਰਧਾਨ ਵਿਕਾਸ ਸ਼ਰਮਾ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਨੇ ਪੰਜਾਬੀ ਅਦਾਕਾਰ ਯੁੱਧਬੀਰ ਨੂੰ ਵਿਸ਼ੇਸ਼ ਰੂਪ ਵਿੱਚ ਸਨਮਾਨਿਤ ਕਰਕੇ ਉਨ੍ਹਾਂ ਦੀ ਹੌਂਸਲਾ ਅਫਜ਼ਾਈ ਕੀਤੀ । ਇਸ ਮੌਕੇ ਸਾਬਕਾ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ , ਕਸਤੂਰੀ ਲਾਲ ਸੇਠ ਸਾਬਕਾ ਚੇਅਰਮੈਨ , ਉਘੇ ਉਦਯੋਗਪਤੀ ਬਲਦੇਵ ਪ੍ਰਾਸ਼ਰ , ਮਹੰਤ ਅਮਿਤ ਕੁਮਾਰ ਜੀ ਮੁੱਖ ਸੇਵਾਦਾਰ ਮਾਤਾ ਕਾਲੀ ਦੁਆਰਾ ਮੰਦਿਰ ਬਟਾਲਾ ,

ਡੀ.ਐਸ.ਪੀ ਲਲਿਤ ਮੋਹਨ ਸ਼ਰਮਾ, ਉਘੇ ਸਮਾਜ ਸੇਵੀ ਹਰਮਨ ਗੁਰਾਇਆ , ਦੀ ਆਰਟਿਸਟ ਵੈਲਫੇਅਰ ਸੁਸਾਇਟੀ ਦੇ ਚੇਅਰਪਰਸਨ ਕੰਚਨ ਚੌਹਾਨ , ਨਾਟਕਕਾਰ ਅਤੇ ਡਾਇਰੈਕਟਰ ਮਨਜਿੰਦਰ ਸੰਧੂ , ਯੂਥ ਆਗੂ , ਰੋਹਿਤ ਸ਼ਰਮਾ , ਐਡਵੋਕੇਟ ਦੀਪਕ ਸ਼ਰਮਾ , ਉਘੇ ਬੁੱਧੀਜੀਵੀ ਵੇਦ ਕਪਾਹੀ , ਸਾਬਕਾ ਚੇਅਰਮੈਨ ਰਵਿੰਦਰ ਸ਼ਰਮਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਹਿਰ ਦੀਆਂ ਵੱਡੀਆਂ ਧਾਰਮਿਕ ਰਾਜਨੀਤਕ ਅਤੇ ਸਮਾਜਿਕ ਹਸਤੀਆਂ ਹਾਜ਼ਰ ਸਨ।

# ਬਟਾਲਾ ਨੇੜੇ ਅੱਗ ਦੇ ਕਾਰਨ ਵਾਪਰਿਆ ਵੱਡਾ ਹਾਦਸਾ

- ਸਕੂਲੀ ਬੱਸ ਆਈ ਅੱਗ ਦੀ ਲਪੇਟ ਚ
- ਬੱਸ ਪੂਰੀ ਤਰ੍ਹਾਂ ਵੀ ਸੜ ਕੇ ਸੁਆਹ
- ਬੱਸ ਚ ਬੱਚਿਆਂ ਨੂੰ ਬੜੀ ਜੱਦੋਜਹਿਦ ਨਾਲ ਕੱਢਿਆ ਬਾਹਰ
- ਸੱਤ ਬੱਚੇ ਝੁਲਸੇ

ਬਟਾਲਾ/ਸੁਖਨਾਮ ਸਿੰਘ

ਬਟਾਲਾ ਦੇ ਨੇੜੇ ਇਕ ਨਿਜੀ ਸਕੂਲ ਦੀ ਬੱਸ ਕਿਸਾਨਾਂ ਵੱਲੋਂ ਨਾੜ ਨੂੰ ਲਗਾਈ ਅੱਗ ਦੀ ਲਪੇਟ ਚ ਆਉਣ ਨਾਲ ਹਾਦਸੇ ਦਾ ਸ਼ਿਕਾਰ ਹੋ ਗਈ ਹੈ।ਬੱਸ ਅੱਗ ਦੀ ਲਪੇਟ ਚ ਆਉਣ ਨਾਲ ਪਲਟ ਗਈ ਤੇ ਪਲਟਣ ਤੋਂ ਬਾਅਦ ਡਰਾਈਵਰ ਅਤੇ ਆਸ ਪਾਸ ਦੇ ਪਿੰਡਾਂ ਦੇ ਲੋਕਾਂ ਨੇ ਬੜੀ ਜੱਦੋ ਜਹਿਦ ਨਾਲ ਸਕੂਲ ਵਿੱਚ ਸਵਾਰ ਬੱਚਿਆਂ ਨੂੰ ਬੱਸ ਤੋਂ ਬਾਹਰ ਕੱਢਿਆ ।ਮੌਕੇ ਤੋਂ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਸ੍ਰੀ ਗੁਰੂ ਹਰਿ ਰਾਏ ਪਬਲਿਕ ਸਕੂਲ ਕਿਲਾ ਲਾਲ ਸਿੰਘ ਦੀ ਬੱਸ ਜਿਸ ਵਿਚ 42 ਬੱਚੇ ਸਵਾਰ ਸਨ ।ਸਕੂਲ ਤੋਂ ਬੱਸ ਬੱਚਿਆਂ ਨੂੰ ਲੈ ਕੇ ਬੱਚਿਆਂ ਦੇ ਘਰਾਂ ਨੂੰ ਛੱਡਣ ਜਾ ਰਹੀ ਜਦ ਇਕ ਪਾਸੇ ਨਵਾਂ ਪਿੰਡ ਬਰਕੀਵਾਲ ਨੇੜੇ ਪਹੁੰਚੀ ਤਾਂ ਨਾੜ ਨੂੰ ਲੱਗੀ ਅੱਗ ਦੇ ਨਾਲ ਬੱਸ ਦਾ ਡਰਾਈਵਰ ਸੰਤੁਲਨ ਖੋ ਬੈਠਾ ਅਤੇ ਬੱਸ ਖੇਤਾਂ ਚ ਪਲਟ ਗਈ ਅਤੇ ਇਸ ਦੇ ਨਾਲ ਹੀ ਆਪਣੇ ਹੀ ਬੱਸ ਨੂੰ ਆਪਣੀ ਲਪੇਟ ਚ ਲੈ ਲਿਆ ।ਹਾਦਸਾ ਬਹੁਤ ਵੱਡਾ ਸੀ ਪਰ ਪਰਮਾਤਮਾ ਦੀ ਕਿਰਪਾ ਦੇ ਨਾਲ ਸਾਰੇ ਬੱਚਿਆਂ ਨੂੰ ਸਹੀ ਸਲਾਮਤ ਬਾਹਰ ਕੱਢ ਲਿਆ, ਪਰ ਇਸ ਅੱਗ ਦੀ ਲਪੇਟ ਚ ਆਉਣ ਨਾਲ ਸੱਤ ਬੱਚੇ ਝੁਲਸ ਗਏ, ਜਿਨ੍ਹਾਂ ਨੂੰ ਬਟਾਲਾ ਦੇ ਵੱਖ ਵੱਖ ਨਿੱਜੀ ਹਸਪਤਾਲਾਂ ਚ ਦਾਖ਼ਲ ਕਰਾਇਆ ਹੈ ਦੱਸਿਆ ਜਾਂਦਾ ਹੈ ਕਿ ਦੋ ਬੱਚਿਆਂ ਦੀ ਹਾਲਤ ਨਾਜ਼ੁਕ ਹੈ । ਭਿਆਨਕ ਅੱਗ ਦੀ ਲਪੇਟ ਚ ਆਈ ਬੱਸ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਚੁੱਕੀ ਹੈ ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਕਿਲਾ ਲਾਲ ਸਿੰਘ ਦੀ ਪੁਲਸ ਬਟਾਲਾ ਤੋਂ ਫਾਇਰ ਬ੍ਰਿਗੇਡ ਮੌਕੇ ਤੇ ਪਹੁੰਚ ਗਈ ,ਜਿਨ੍ਹਾਂ ਨੇ ਭਾਰੀ ਜੱਦੋ ਜਹਿਦ ਨਾਲ ਪਿੰਡ ਵਾਸੀਆਂ ਦੀ ਮੱਦਦ ਨਾਲ ਅੱਗ ਤੇ ਕਾਬੂ ਪਾਇਆ।

# ਮਾਨ ਸਰਕਾਰ ਦੇ ਹੁਕਮ ਸਿਰਫ ਆਪਣੇ ਹੀ ਦਫ਼ਤਰਾਂ ਤੱਕ ਸੀਮਤ ਰਹੇ

## ਤਹਿਸੀਲਾਂ 'ਚ ਹੁਣ ਵੀ ਲੈ ਦੇ ਕੇ ਹੁੰਦੇ ਨੇ ਸਰਕਾਰੀ ਕੰਮ.!



ਸ਼ੇਰਪੁਰ/ਯਾਦਵਿੰਦਰ ਸਿੰਘ ਮਾਹੀ

ਪੰਜਾਬ ਵਿੱਚ ਮਾਨ ਸਰਕਾਰ ਆਉਣ ਤੇ ਮਾਨ ਸਰਕਾਰ ਵੱਲੋਂ ਥਾਂ ਥਾਂ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਪੰਜਾਬ ਵਿਚ ਰਿਸ਼ਵਤ ਖੋਰੀ ਬਿਲਕੁਲ ਖਤਮ ਕਰ ਦਿੱਤੀ ਹੈ। ਇਸੇ ਤਰ੍ਹਾਂ ਹੀ ਦਿੱਲੀ ਦੇ ਮੁੱਖਮੰਤਰੀ ਅਰਵਿੰਦ ਕੇਜਰੀਵਾਲ ਆਪਣੇ ਹਰੇਕ ਭਾਸ਼ਣ ਵਿਚ ਇਹ ਕਹਿ ਰਹੇ ਹਨ ਕਿ ਜੇਕਰ ਤੁਹਾਡੀ ਪੰਜਾਬ ਵਿਚ ਕੋਈ ਵੀ ਰਿਸ਼ਤੇਦਾਰੀ ਜਾਂ ਤੁਹਾਡਾ ਦੋਸਤ ਮਿੱਤਰ ਰਹਿੰਦਾ ਹੈ ਤਾਂ ਉਨ੍ਹਾਂ ਪੁੱਛ ਲਓ ਕਿ ਉਨ੍ਹਾਂ ਦੇ ਕੰਮ ਹੁਣ ਸਰਕਾਰੀ ਦਫਤਰਾਂ ਵਿਚ ਬਿਨਾਂ ਰਿਸ਼ਵਤ ਦਿੱਤੇ ਹੁੰਦੇ ਹਨ ਜਾਂ ਫਿਰ ਪਹਿਲਾਂ ਵਾਂਗ ਹੋ ਰਹੇ ਹਨ ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਗੁਰਮੀਤ ਸਿੰਘ ਖੇੜੀ ਪੰਚਾਇਤ ਮੈਂਬਰ ਨੇ ਕੀਤਾ ਅਤੇ ਕਿਹਾ ਮਾਨ ਸਰਕਾਰ ਦੇ ਹੁਕਮਾਂ ਨੂੰ ਛਿੱਕੇ ਟੰਗ ਕੇ ਹਾਲੇ ਵੀ ਤਹਿਸੀਲਾਂ ਵਿਚ ਸਰਕਾਰੀ ਕੰਮਾਂ ਨੂੰ ਲੈ ਦੇ ਕੇ ਕੀਤਾ ਜਾ ਰਿਹਾ ਹੈ।ਇੱਥੇ ਇਹ ਵੀ ਇੱਕ ਕੌੜਾ ਸੱਚ ਹੈ ਕਿ ਪਹਿਲਾਂ ਵਾਂਗ ਮੋਟੀ ਰਿਸ਼ਵਤ ਨਹੀਂ ਲਈ ਜਾ ਰਹੀ ਪਰ ਆਪਣੀਆਂ ਕਾਰਾਂ, ਮੋਟਰਸਾਈਕਲਾਂ ਜਾਂ ਹੋਰ ਕਿਸੇ ਚੀਜ ਦੀਆਂ ਕਿਸ਼ਤਾਂ ਭਰਨ ਜੋਗੇ ਇਕੱਠੇ ਜ਼ਰੂਰ ਕਰਦੇ ਹਨ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਨੂੰ ਮਾਨ ਸਰਕਾਰ ਦੇ ਹੁਕਮਾਂ ਦਾ ਭੋਰਾ ਵੀ ਡਰ ਭਉ ਨਹੀਂ ਹੈ ਜੋ ਹਾਲੇ ਵੀ ਤਹਿਸੀਲਾਂ ਵਿੱਚ ਭੋਲੇ ਭਾਲੇ ਲੋਕਾਂ ਤੋਂ ਸਰਕਾਰੀ ਕੰਮਾਂ ਦੇ ਪੈਸੇ ਲੈ ਰਹੇ ਹਨ। ਖੇੜੀ ਨੇ ਮਾਨ ਸਰਕਾਰ ਤੋਂ ਮੰਗ ਕੀਤੀ ਹੈ ਕਿ ਏਦਾਂ ਦੇ ਅਫਸਰਾਂ ਨੂੰ ਨੌਕਰੀ ਤੋਂ ਤੁਰੰਤ ਸਸਪੈਂਡ ਕੀਤਾ ਜਾਵੇ ਕਿਉਂਕਿ ਇੱਕ ਕਹਾਵਤ ਹੈ ਜੇਕਰ ਇੱਕ ਮੱਝ ਚਿੱਕੜ ਨਾਲ ਲਿੱਬੜੀ ਹੋਈ ਹੈ ਤਾਂ ਦੂਸਰੀਆਂ ਮੱਝਾਂ ਨੂੰ ਵੀ ਲਬੇੜ ਦਿੰਦੀ ਹੈ।ਇੱਥੇ ਉਨ੍ਹਾਂ ਨੇ ਇਹ ਵੀ ਕਿਹਾ ਕਿ ਜਿਸ ਨੂੰ ਰੱਸੀ ਚੱਬਣ ਦੀ ਆਦਤ ਪੈ ਜਾਵੇ ਉਹ ਕਾਹਤੋਂ ਜਾਂਦੀ ਹੈ।ਇਸੇ ਤਰ੍ਹਾਂ ਇਹ ਹਾਲ ਇਨ੍ਹਾਂ ਅਫ਼ਸਰਾਂ ਦਾ ਜੋ ਪਹਿਲਾਂ ਵੀ ਰਿਸ਼ਵਤ ਲੈਂਦੇ ਸਨ ਤੇ ਅੱਜ ਵੀ ਲੈ ਦੇ ਕੇ ਇਹ ਕੰਮ ਕਰਦੇ ਹਨ।

# ਲੋਕਾਂ ਦੀ ਮੰਗ ਨੂੰ ਪਿਆ ਬੂਰ ਉੜਾਪੜ ਤੋਂ ਬਾਈਪਾਸ ਗੜ੍ਹੀ ਅਜੀਤ ਸਿੰਘ ਨਹਿਰੀ ਪੁੱਲ ਤੱਕ ਸੜਕ ਬਣਨੀ ਹੋਈ ਸ਼ੁਰੂ : ਧਾਵਾ ਬਣਵੈਤ / ਜਸਵੀਰ ਟਾਂਕ



ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ

ਵੱਧ ਰਹੀ ਟਰੈਫਿਕ ਅਨੇਕਾਂ ਮੁਸ਼ਕਿਲਾਂ ਨੂੰ ਜਨਮ ਦਿੰਦੀ ਹੈ ਤੇ ਇਸ ਸਮੱਸਿਆ ਨੂੰ ਹੱਲ ਕਰਾਉਣ ਲਈ ਕਸਬਾ ਉੜਾਪੜ ਵਾਲਿਆਂ ਵਲੋਂ ਬੜੇ ਲੰਬੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ ਕਿ ਨਹਿਰ ਦੇ ਨਾਲ ਨਾਲ ਉੜਾਪੜ ਤੋਂ ਗੜੀ ਅਜੀਤ ਸਿੰਘ ਤੱਕ ਸਵਾ ਕਿਲੋ ਮੀਟਰ ਦੀ ਲੰਬਾਈ ਵਾਲੀ ਸੜਕ ਬਣਾਈ ਜਾਵੇ ਆਖਿਰਕਾਰ ਪਿੰਡ ਵਾਸੀਆਂ ਦੀ ਮੰਗ ਪੂਰੀ ਹੋਈ ਤੇ ਉਸ ਸਮੇਂ ਦੀ ਕਾਂਗਰਸ ਸਰਕਾਰ ਵਲੋਂ ਇਹ ਬਾਈਪਾਸ ਬਣਾਉਣ ਲਈ ਪੰਜਾਬ ਮੰਡੀ ਬੋਰਡ ਨੂੰ ਮਨਜੂਰੀ ਦੇ ਦਿਤੀ ਗਈ ਤੇ ਇਸ ਤੇ ਮੰਡੀ ਬੋਰਡ ਵਲੋਂ ਕਰੀਬ 28 ਤੋਂ 30 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੀ ਸੜਕ ਦੀ ਸ਼ੁਰੂਆਤ ਬਾਬਾ ਸਵਰਨ ਸਿੰਘ ਸਦਾਗਰ ਉੜਾਪੜ ਅਤੇ ਸੁਖਵਿੰਦਰ ਸਿੰਘ ਧਾਵਾ ਬਣਵੈਤ ਵਲੋਂ ਸਾਂਝੇ ਤੋਰ ਤੇ ਟੱਕ ਲਗਾਕੇ ਸ਼ੁਰੂ ਕੀਤੀ ਗਈ ਇਸ ਮੋਕੇ ਸੁਖਵਿੰਦਰ ਸਿੰਘ ਧਾਵਾ ਬਣਵੈਤ ਨੇ ਦੱਸਿਆ ਕਿ ਫਿਲੋਰ ਤੋਂ ਨਵਾਂ ਸ਼ਹਿਰ ਹਾਈਵੇਜ ਹੋਣ ਕਾਰਨ ਟਰੈਫਿਕ ਬਹੁਤ ਵੱਧ ਗਈ ਸੀ ਤੇ ਜਿਸ ਟਾਇਮ ਮਹਾਨ ਰਹਿਬਰਾਂ ਦੇ ਪ੍ਰਕਾਸ਼ ਪੁਰਬ ਮੋਕੇ ਚੱਕਦਾਨਾ ਤੇ ਉੜਾਪੜ ਵਾਸੀਆਂ ਵਲੋਂ ਨਗਰ ਕੀਰਤਨ ਸਜਾਏ ਜਾਂਦੇ ਹਨ ਤੇ ਉਸ ਸਮੇਂ ਟਰੈਫਿਕ ਬਹੁਤ ਜਿਆਦਾ ਵੱਧ ਜਾਂਦੀ ਸੀ ਤੇ ਇਸ ਸੜਕ ਤੇ ਗੱਡੀਆਂ ਦੀਆਂ ਲੰਬੀਆਂ ਕਤਾਰਾਂ ਲੱਗ ਜਾਂਦੀਆਂ ਸਨ ਤੇ ਹਾਦਸਾ ਹੋਣ ਦਾ ਖਤਰਾ ਬਣਿਆ ਰਹਿੰਦਾ ਸੀ ਤਾਂ ਉਸ ਟਰੈਫਿਕ ਨੂੰ ਪਿੰਡ ਦੇ ਬਾਹਰ ਬਾਹਰ ਨਹਿਰ ਦੇ ਨਾਲ ਨਾਲ ਦੀ ਬਣੀ ਪਟੜੀ ਤੇ 10 ਕੁ ਫੁੱਟ ਚੋੜੀ ਸ਼ੜਕ ਬਣਾਕੇ ਬਾਈਪਾਸ ਰਾਂਹੀ ਗੜੀ ਅਜੀਤ ਸਿੰਘ ਨੂੰ ਕੱਢੀ ਜਾ ਸਕੇ ਤੇ ਟਰੈਫਿਕ ਨਿਰਵਿਘਨ ਚੱਲਦੀ ਰਹੇ ਤੇ ਇਸ ਸੜਕ ਤੇ ਟਰੈਫਿਕ ਘੱਟ ਸਕੇ ਤੇ ਇਸ ਸਮੱਸਿਆ ਨੂੰ ਹੱਲ ਕਰਵਾਉਣ ਲਈ ਦੋਵਾਂ ਪਿੰਡ ਵਾਸੀਆਂ ਨੇ ਉਸ ਸਮੇਂ ਚ ਕਾਂਗਰਸ ਦੀ ਸਰਕਾਰ ਵੇਲੇ ਇਹ ਮੰਗ ਪੱਤਰ ਸੁਖਵਿੰਦਰ ਸਿੰਘ ਧਾਵਾ ਬਣਵੈਤ ਵਲੋ ਦਿਤਾ ਗਿਆ ਸੀ ਤੇ ਇਸ ਸਮੱਸਿਆ ਨੂੰ ਗਭੀਰਤਾ ਨਾਲ ਲੈਂਦੇ ਉਸ ਸਮੇਂ ਹੀ ਇਹ ਸੜਕ ਬਣਾਉਣ ਦੀ ਮੰਗ ਪੂਰੀ ਹੋ ਗਈ ਸੀ ਤੇ ਹੁਣ ਇਸ ਸੜਕ ਨੂੰ ਬਣਾਇਆ ਜਾ ਰਿਹਾ ਤੇ ਬਹੁਤ ਜਲਦ ਬਣ ਜਾਵੇਗੀ ਇਸ ਬਾਈਪਾਸ ਦੇ ਬਣਨ ਨਾਲ ਜਿਥੇ ਜਮੀਨ ਦੀ ਕੀਮਤ ਵਧੇਗੀ ਉਥੇ ਹੀ ਦੁਕਾਨਾਂ,ਢਾਬੇ,ਰੈਸਟੋਰੇਂਟ,ਕਾਰ ਵਾਸ਼,ਮਕੈਨੀਕਲ ਵਰਕਸ਼ਾਪ,ਇੰਟਰਲਾਕ ਦੀਆਂ ਫੈਕਟਰੀਆਂ ਕਾਰੋਬਾਰ ਆਦਿ ਖੁਲ ਸਕਣਗੇ ਤੇ ਲੋਕਾਂ ਦੇ ਰੁਜਗਾਰ ਦਾ ਸਾਧਨ ਬਣ ਜਾਵੇਗਾ।

# ਬਟਾਲਾ ਹਲਕੇ ਦਾ ਸਰਬਪੱਖੀ ਵਿਕਾਸ ਅਤੇ ਆਪਣੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣਾ ਉਨ੍ਹਾਂ ਦਾ ਮੁੱਖ ਏਜੰਡਾ : ਵਿਧਾਇਕ ਸ਼ੈਰੀ ਕਲਸੀ





**ਬਟਾਲਾ/ਸੁਖਨਾਮ ਸਿੰਘ**

ਵਿਧਾਨ ਸਭਾ ਹਲਕਾ ਬਟਾਲਾ ਦੇ ਸਾਰੇ ਵੋਟਰ ਮੇਰਾ ਪਰਿਵਾਰ ਹਨ ਅਤੇ ਹਲਕੇ ਦੇ ਲੋਕਾਂ ਨੇ ਜਿਸ ਉਮੀਦ ਅਤੇ ਮਾਣ ਨਾਲ ਮੈਨੂੰ ਜਿਤਾਇਆ ਹੈ, ਮੈਂ ਉਨ੍ਹਾਂ ਉਮੀਦਾਂ 'ਤੇ ਖਰ੍ਹਾ ਉਤਰਨ ਲਈ ਆਪਣੀ ਪੂਰੀ ਵਾਹ ਲਗਾ ਦੇਵਾਂਗਾ। ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਬਟਾਲਾ ਦੇ ਵਿਧਾਇਕ ਅਮਨ ਸ਼ੇਰ ਸਿੰਘ ਕਲਸੀ ਨੇ ਪਿੰਡ ਤਲਵੰਡੀ ਝੁੰਗਲਾਂ ਵਿਖੇ ਆਪਣੇ ਧੰਨਵਾਦੀ ਦੌਰੇ ਦੌਰਾਨ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਹਲਕਾ ਬਟਾਲਾ ਦੇ ਲੋਕਾਂ ਦਾ ਉਹ ਜ਼ਿੰਦਗੀ ਭਰ ਕਰਜ਼ਦਾਰ ਰਹਿਣਗੇ। ਉਨ੍ਹਾਂ ਕਿਹਾ ਕਿ ਬਟਾਲਾ ਹਲਕੇ ਦਾ ਸਰਬਪੱਖੀ ਵਿਕਾਸ ਅਤੇ ਆਪਣੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣਾ ਉਨ੍ਹਾਂ ਦਾ ਮੁੱਖ ਏਜੰਡਾ ਹੈ।

ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਇਸ ਵਾਰ ਪੰਜਾਬ ਦੇ ਲੋਕਾਂ ਨੇ ਰਵਾਇਤੀ ਰਾਜਨੀਤਿਕ ਪਾਰਟੀਆਂ ਨੂੰ ਨਕਾਰ ਕੇ ਆਮ ਆਦਮੀ ਪਾਰਟੀ ਨੂੰ ਚੁਣਿਆ ਹੈ ਅਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਮੁੜ ਖੁਸ਼ਹਾਲ ਬਣਾਉਣ ਵਿਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਨੇ ਜੋ ਵਾਅਦੇ ਕੀਤੇ ਸਨ ਜਾਂ ਜੋ ਵੀ ਗਰੰਟੀਆਂ ਦਿੱਤੀਆਂ ਸਨ ਉਨ੍ਹਾਂ ਨੂੰ ਹਰ ਹੀਲੇ ਪੂਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਵਾਗਡੋਰ ਸੰਭਾਲਦਿਆਂ ਹੀ ਮਾਨ ਸਰਕਾਰ ਨੇ ਪੰਜਾਬੀਆਂ ਦੀ ਭਲਾਈ ਲਈ ਕੰਮ ਸ਼ੁਰੂ ਕਰ ਦਿੱਤੇ ਹਨ ਜਿਸਦੇ ਹਾਂ ਪੱਖੀ ਨਤੀਜੇ ਜਲਦੀ ਹੀ ਸਾਹਮਣੇ ਆਉਣੇ ਸ਼ੁਰੂ ਹੋ ਜਾਣਗੇ। ਉਨ੍ਹਾਂ ਕਿਹਾ ਕਿ ਹੁਣ ਆਮ ਲੋਕਾਂ ਦਾ ਰਾਜ ਹੈ ਅਤੇ ਇਸ ਰਾਜ ਵਿੱਚ ਹਰ ਸਹੂਲਤ ਹਰ ਲੋੜਵੰਦ ਨੂੰ ਬਿਨੇ ਕਿਸੇ ਵਿਤਕਰੇ ਦੇ ਮਿਲੇਗੀ।

ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਦੀ ਹਾਜ਼ਰੀ ਵਿੱਚ ਪਿੰਡ ਤਲਵੰਡੀ ਝੁੰਗਲਾਂ ਦੇ ਸਰਪੰਚ ਜੋਗਿੰਦਰ ਸਿੰਘ ਆਪਣੀ ਸਮੁੱਚੀ ਪੰਚਾਇਤ ਨਾਲ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਈ। ਵਿਧਾਇਕ ਕਲਸੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਨਾਲ ਜੁੜਨ ਵਾਲੇ ਹਰ ਵਰਕਰ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ।

# ਗੁਰਲਾਲ ਘਨੌਰ ਨੇ ਮੁਸਲਿਮ ਭਾਈਚਾਰੇ ਨਾਲ ਮਨਾਈ ਈਦ-ਉਲ-ਫਿਤਰ



**ਪਟਿਆਲਾ /ਘਨੌਰ/ਇਕਬਾਲ ਸਿੰਘ**

ਈਦ-ਉਲ-ਫਿਤਰ ਦਾ ਪਵਿੱਤਰ ਤਿਉਹਾਰ ਹਲਕਾ ਵਿਧਾਇਕ ਗੁਰਲਾਲ ਸਿੰਘ ਘਨੌਰ ਨੇ ਮੁਸਲਿਮ ਭਾਈਚਾਰੇ ਨਾਲ ਘਨੌਰ ਅਤੇ ਲਾਲੜੂ ਕਲਾਂ ਵਿਖੇ ਮਨਾਇਆ ਈਦ-ਉਲ-ਫਿਤਰ ਮੁਸਲਿਮ ਭੈਣ- ਭਰਾਵਾਂ ਨੂੰ ਅਤੇ ਇਹ ਸਮੁੱਚੀ ਮਨੁੱਖਤਾ ਲਈ ਖੁਸ਼ੀਆ ਲੈ ਕੇ ਆਵੇ। ਅਸੀਂ ਸ਼ਾਂਤੀ ਅਤੇ ਸਦਭਾਵਨਾ ਦੇ ਰਾਹ ਤੇ ਚੱਲ ਸਕੀਏ ਇਸ ਮੌਕੇ ਤੇ ਹਲਕਾ ਘਨੌਰ ਦੇ ਮੁਸਲਿਮ ਭਾਈਚਾਰੇ ਨੇ ਵਿਧਾਇਕ ਗੁਰਲਾਲ ਘਨੌਰ ਅੱਗੇ ਈਦਗਾਹ ਦੀ ਮੰਗ ਕੀਤੀ। ਮੁਸਲਿਮ ਭਾਈਚਾਰੇ ਨੇ ਕਿਹਾ ਕਿ ਹਲਕਾ ਘਨੌਰ ਦੇ ਵਿੱਚ ਇੱਕ ਵੀ ਈਦਗਾਹ ਨਹੀਂ ਹੈ ਜਿਸ ਵਿੱਚ ਅੱਸੀ ਸਾਲ ਦੇ ਦੋ ਤਿਉਹਾਰ ਈਦ-ਉੱਲ-ਫਿਤਰ ਅਤੇ ਈਦ-ਉਲ-ਜ਼ੂਹਾ ਇਕੱਠੇ ਹੋ ਕੇ ਮਨਾ ਸਕੀਏ। ਇਸ ਮੌਕੇ ਤੇ ਗੁਰਲਾਲ ਘਨੌਰ ਨੇ ਮੁਸਲਿਮ ਭਾਈਚਾਰੇ ਦੀ ਇਸ ਮੰਗ ਨੂੰ ਲੈ ਕੇ ਕਿਹਾ ਕਿ ਉਹ ਇਸ ਸਬੰਧੀ ਵਿਚਾਰ ਵਟਾਂਦਰਾ ਕਰਕੇ ਹੀ ਪੂਰਾ ਕਰਾਗੇ। ਇਸ ਮੌਕੇ ਤੇ ਅਬਦੁਲ ਰਹਿਮਾਨ ,ਨਛੱਤਰ ਖਾਨ, ਜੀਰਾ ਖਾਨ , ਸੁਕਰ ਦੀਨ ਕਾਮੀ ਖੁਰਦ, ਕਾਲਾ ਖਾਂ ਖੁਰਦ , ਵਕੀਲ ਖਾਨ ਕਾਮੀ, ਨਸੀਰੁਦੀਨ ਘਨੌਰ, ਰੋਸ਼ਨ ਖਾਨ, ਮੁਸਤਾਕ ਅਲੀ, ਸ਼ੇਰ ਖਾਨ, ਜਮੀਲ ਖਾਨ, ਚਰਨਜੀਤ ਖਾਨ, ਗੁਰਪ੍ਰੀਤ ਸਿੰਘ ਘਨੌਰ, ਇੰਤਜ਼ਾਰ ਖਾਨ , ਪਰਮਿੰਦਰ ਸਿੰਘ ਪੰਮਾ, ਅੰਤਰਰਾਸਟਰੀ ਕਬੱਡੀ ਖਿਡਾਰੀ ਅਸ਼ਵਨੀ ਸ਼ਰਮਾ ਅਤੇ ਹੋਰ ਵੀ ਇਲਾਕਾ ਨਿਵਾਸੀ ਮੌਜੂਦ ਸਨ।

# ਸਮਰਾਲਾ ਪੁਲਿਸ ਵੱਲੋਂ ਵੱਡੀ ਮਾਤਰਾ ਵਿਚ ਨਸ਼ੀਲੀਆਂ ਗੋਲੀਆਂ ਸਮੇਤ 2 ਵਿਅਕਤੀ ਕਾਬੂ



**ਸਮਰਾਲਾ/ਭੂਸ਼ਨ ਬਾਂਸਲ/ਸੁਨੀਲ ਅਗਰਵਾਲ**

ਪੰਜਾਬ ਵਿਚ ਆਏ ਦਿਨ ਨੌਜਵਾਨਾਂ ਦੀਆਂ ਨਸ਼ੇ ਦੀ ਓਵਰਡੋਜ਼ ਕਾਰਨ ਹੋ ਰਹੀਆਂ ਮੌਤਾਂ ਪੰਜਾਬ ਦੀ ਨੌਜਵਾਨੀ ਪੀੜ੍ਹੀ ਲਈ ਇੱਕ ਚਿੰਤਾ ਦਾ ਵਿਸ਼ਾ ਹੈ। ਪੰਜਾਬ ਵਿਚ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਨਸ਼ੇ ਦੇ ਮੁੱਦੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪੰਜਾਬ ਵਿਚੋਂ ਨਸ਼ਾ ਖਤਮ ਕਰਨ ਦੇ ਕੀਤੇ ਪ੍ਰਣ ਤੇ ਚਲਦਿਆਂ ਸਮਰਾਲਾ ਪੁਲਿਸ ਵੱਲੋਂ 2 ਵਿਅਕਤੀਆਂ ਤੋਂ ਵੱਡੀ ਗਿਣਤੀ ਵਿਚ ਨਸ਼ੇ ਦੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਿਸ ਜਿਲਾ ਖੰਨਾ ਦੇ ਐਸ.ਐਸ.ਪੀ. ਰਵੀ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਨਸ਼ਾ ਤਸਕਰਾਂ ਦੇ ਖਿਲਾਫ ਚਲਾਈ ਜਾ ਰਹੀ ਮੁਹਿੰਮ ਤਹਿਤ ਹਰਵਿੰਦਰ ਸਿੰਘ ਖਹਿਰਾ ਡੀ.ਐਸ.ਪੀ. ਸਮਰਾਲਾ ਦੀਆਂ ਹਦਾਇਤਾਂ ਤੇ ਥਾਣਾ ਮੁਖੀ ਇੰਸਪੈਕਟਰ ਸੁਰਜੀਤ ਸਿੰਘ ਸਮੇਤ ਪੁਲਿਸ ਪਾਰਟੀ ਚੰਡੀਗੜ੍ਹ ਲੁਧਿਆਣਾ ਰੋਡ ਤੇ ਪੈਂਦੀ ਪੁਲਿਸ ਚੌਂਕੀ ਹੇਡੋਂ ਵਿਖੇ ਨਾਕਾਬੰਦੀ ਕਰਕੇ ਵਹੀਕਲਾਂ ਵ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ ਤਾਂ ਇੰਸਪੈਕਟਰ ਸੁਰਜੀਤ ਸਿੰਘ ਕੋਲ ਕਿਸੇ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਰਾਜਨ ਸ਼ਰਮਾ ਅਤੇ ਰਾਹੁਲ ਸ਼ਰਮਾ ਵਾਸੀਆਨ ਪਿੰਡ ਮਾਹਲ ਜਿਲਾ ਅੰਮ੍ਰਿਤਸਰ ਜੋ ਕਿ ਦਿੱਲੀ ਸਾਇਡ ਤੋਂ ਭਾਰੀ ਮਾਤਰਾ ਵਿਚ ਨਸ਼ੇ ਦੀਆਂ ਗੋਲੀਆਂ ਲਿਆ ਕੇ ਪੰਜਾਬ ਵਿਚ ਵੱਖ ਵੱਖ ਥਾਵਾਂ ਤੇ ਵੇਚਣ ਦਾ ਕੰਮ ਕਰਦੇ ਹਨ। ਜੋ ਅੱਜ ਵੀ ਭਾਰੀ ਮਾਤਰਾ ਵਿਚ ਨਸ਼ੀਲੀਆਂ ਗੋਲੀਆਂ ਮਾਰਕਾ ਟਰਾਮਾਡੋਲ ਦਿੱਲੀ ਸਾਇਡ ਤੋਂ ਲਿਆ ਕੇ ਪਿੰਡ ਦਿਆਲਪੁਰ ਪੁੱਲ ਦੇ ਥੱਲੇ ਖੜੇ ਆਪਣੇ ਗ੍ਰਾਹਕਾਂ ਦਾ ਇੰਤਜਾਰ ਕਰ ਰਹੇ ਹਨ। ਜੇਕਰ ਹੁਣੇ ਹੀ ਰੇਡ ਕੀਤੀ ਜਾਵੇ ਤਾਂ ਰਾਜਨ ਸ਼ਰਮਾ ਅਤੇ ਰਾਹੁਲ ਸ਼ਰਮਾ ਉਕਤਾਨ ਭਾਰੀ ਮਾਤਰਾ ਵਿਚ ਨਸ਼ੀਲੀਆਂ ਗੋਲੀਆਂ ਟਰਾਮਾਡੋਲ ਸਮੇਤ ਕਾਬੂ ਆ ਸਕਦੇ ਹਨ। ਜਿਸਤੇ ਇੰਸਪੈਕਟਰ ਸੁਰਜੀਤ ਸਿੰਘ ਥਾਣਾ ਮੁਖੀ ਸਮਰਾਲਾ ਵੱਲੋਂ ਮੁਕੱਦਮਾ ਦਰਜ਼ ਕਰਕੇ ਤਫਤੀਸ ਅਮਲ ਵਿਚ ਲਿਆਂਦੀ ਫਿਰ ਇੰਸਪੈਕਟਰ ਸੁਰਜੀਤ ਸਿੰਘ ਸਮੇਤ ਪੁਲਿਸ ਪਾਰਟੀ ਦੇ ਰਾਜਨ ਸ਼ਰਮਾ ਅਤੇ ਰਾਹੁਲ ਸ਼ਰਮਾ ਨੂੰ ਕਾਬੂ ਕੀਤਾ ਜਿੱਥੇ ਡੀ.ਐਸ.ਪੀ. ਸਮਰਾਲਾ ਹਰਵਿੰਦਰ ਸਿੰਘ ਖਹਿਰਾ ਦੀ ਹਾਜ਼ਰੀ ਵਿਚ ਰਾਜਨ ਸ਼ਰਮਾ ਉਕਤ ਪਾਸੋਂ 50000 ਟਰਾਮਾਡੋਲ ਗੋਲੀਆਂ ਅਤੇ ਰਾਹੁਲ ਸ਼ਰਮਾ ਉਕਤ ਪਾਸੋਂ 40000 ਟਰਾਮਾਡੋਲ ਗੋਲੀਆਂ ਅਤੇ ਕੁੱਲ 90,000 ਟਰਾਮਾਡੋਲ ਗੋਲੀਆਂ ਬਰਾਮਦ ਕੀਤੀਆਂ ਹਨ। ਸਮਰਾਲਾ ਪੁਲਿਸ ਵੱਲੋਂ ਕਥਿਤ ਦੋਸ਼ੀਆਂ ਵਿਰੁੱਧ ਕੇਸ ਦਰਜ਼ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਡਿਵੀਜ਼ਨ ਕਮਿਸ਼ਨਰ ਐਸ ਐਸ ਪੀ ਪਟਿਆਲਾ ਆਈਜੀ ਰੇਂਜ ਨੇ ਕੀਤੀ ਪ੍ਰੈਸ ਕਾਨਫਰੰਸ



**ਪਟਿਆਲਾ/ਇਕਬਾਲ ਸਿੰਘ**

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਅੱਜ ਪਟਿਆਲਾ ਦੇ ਡਵੀਜ਼ਨਲ ਕਮਿਸ਼ਨਰ , ਡਿਪਟੀ ਕਮਿਸ਼ਨਰ, ਐਸ ਐਸ ਪੀ ਤੋਂ ਇਲਾਵਾ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਕੀਤੀ ਗਈ ਪ੍ਰੈਸ ਕਾਨਫਰੰਸ ਪਟਿਆਲਾ ਦੇ ਡਵੀਜ਼ਨਲ ਕਮਿਸ਼ਨਰ ਚੰਦਰ ਗੇਂਦ , ਪਟਿਆਲਾ ਰੇਂਜ ਦੇ ਆਈ ਜੀ ਸੁਖਵਿੰਦਰ ਸਿੰਘ ਛਿੰਨਾ, ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਅਤੇ ਐਸ ਐਸ ਪੀ ਪਟਿਆਲਾ ਦੀਪਕ ਪਾਰਕ ਦੇ ਵੱਲੋਂ ਕੀਤੀ ਗਈ ਪ੍ਰੈਸ ਕਾਨਫਰੰਸ। ਇਸ ਕਾਨਫਰੰਸ ਦੇ ਵਿੱਚ ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਹਰੀਸ਼ ਸਿੰਗਲਾ ਤੋਂ ਇਲਾਵਾ ਬਲਜਿੰਦਰ ਸਿੰਘ ਪਰਵਾਨਾ ਨੂੰ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਨਾਲ ਹੀ ਉਨ੍ਹਾਂ ਦੇ ਵੱਲੋਂ ਇਹ ਕਿਹਾ ਗਿਆ ਕਿ ਦੋਸ਼ੀਆਂ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ। ਗੱਲਬਾਤ ਕਰਦਿਆਂ ਪੁਲਿਸ ਅਫ਼ਸਰਾਂ ਵੱਲੋਂ ਕਿਹਾ ਗਿਆ ਕਿ ਇਸ ਕੇਸ ਦੀ ਪੂਰੀ ਇਨਵੈਸਟੀਗੇਸ਼ਨ ਕੀਤੀ ਜਾਵੇਗੀ।

# ਦੁਨੀਆ ਭਰ ਵਿੱਚ ਗਰਵ ਨਾਲ ਮਨਾਇਆ ਗਿਆ 'ਵਿਸ਼ਵ ਪ੍ਰੈਸ ਅਜ਼ਾਦੀ ਦਿਵਸ'

## 'ਵਿਸ਼ਵ ਪ੍ਰੈਸ ਅਜ਼ਾਦੀ ਦਿਵਸ' ਇਲੈਕਟ੍ਰਾਨਿਕ ਮੀਡੀਆ ਵੈਲਫੇਅਰ ਕਲੱਬ ਪਟਿਆਲਾ ਨੇ ਬੂਟੇ ਲਗਾ ਕੇ ਮਨਾਇਆ

**ਪਟਿਆਲਾ/ਇਕਬਾਲ ਸਿੰਘ**

ਦੁਨੀਆ ਭਰ ਵਿੱਚ ÷ਵਿਸ਼ਵ ਪ੍ਰੈਸ ਅਜ਼ਾਦੀ ਦਿਵਸ÷ ਬਹੁਤ ਹੀ ਗਰਵ, ਮਾਣ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸੇ ਤਹਿਤ

ਇਲੈਕਟ੍ਰਾਨਿਕ ਮੀਡੀਆ ਵੈਲਫੇਅਰ ਕਲੱਬ ਪਟਿਆਲਾ ਵੱਲੋਂ ਅੱਜ ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਦੇ ਮੌਕੇ @ਤੇ ਦੇਸ਼ ਤੇ ਦੁਨੀਆ ਭਰ ਦੇ ਸਮੂਹ ਪੱਤਰਕਾਰ ਭਾਈਚਾਰੇ ਨੂੰ ਇਸ ਦਿਨ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਅਤੇ ਭਾਰੀ ਗਿਣਤੀ ਵਿੱਚ ਵੱਖ ਵੱਖ ਤਰ੍ਹਾਂ ਦੇ ਬੂਟੇ ਲਗਾਏ ਗਏ ਅਤੇ ਪੱਤਰਕਾਰ ਦੇ ਸੁਭਾਅ ਵਾਂਗ ਹਮੇਸ਼ਾ ਸਮਾਜ ਲਈ ਕੁਝ ਨਾ ਕੁਝ ਕਰਨ ਦੀ ਪ੍ਰੇਰਨਾ ਦੇ ਮੱਦੇਨਜ਼ਰ ਪ੍ਰਕਿਰਤੀ ਦੀ ਸੇਵਾ ਅਤੇ ਸਾਂਭ ਸੰਭਾਲ ਕਰਨ ਦਾ ਪ੍ਰਣ ਕੀਤਾ ਗਿਆ।



ਇਸ ਮੌਕੇ ਬੋਲਦਿਆਂ ਇਲੈਕਟ੍ਰਾਨਿਕ ਮੀਡੀਆ ਵੈਲਫੇਅਰ ਕਲੱਬ ਪਟਿਆਲਾ ਦੇ ਪ੍ਰਧਾਨ ਅਨੁਰਾਗ ਸ਼ਰਮਾ ਨੇ ਕਿਹਾ ਕਿ ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਮੌਕੇ ਅੱਜ ਸਮੂਹ ਪੱਤਰਕਾਰਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਪਵਿੱਤਰ ਜੰਗਲ @ਚ ਬੂਟੇ ਲਗਾ ਕੇ ਕੁਦਰਤ ਦੀ ਸੰਭਾਲ ਕਰਨ ਦਾ ਇਕ ਛੋਟਾ ਜਿਹਾ ਉਪਰਾਲਾ ਕੀਤਾ ਗਿਆ ਹੈ ਅਤੇ ਨਾਲ ਹੀ ਸਾਰੇ ਦੇਸ਼ ਵਾਸੀਆਂ ਨੂੰ ਭਗਵਾਨ ਸ਼੍ਰੀ ਵਿਸ਼ਨੂੰ ਜੀ ਦੇ ਅਵਤਾਰ ਸ੍ਰੀ ਪਰਸ਼ੂਰਾਮ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ ਗਈ ਹੈ ਅਤੇ ਨਾਲ ਹੀ ਸਾਰਿਆਂ ਨੂੰ ਈਦ ਮੁਬਾਰਕ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਾਡਾ ਕਲੱਬ ਸਮਾਜ ਲਈ ਚੰਗੇ ਕੰਮਾਂ ਲਈ ਹਮੇਸ਼ਾ ਮੋਹਰੀ ਰਹਿੰਦਾ ਹੈ ਅਤੇ ਇਸ ਦੇ ਨਾਲ ਹੀ ਇਹ ਸਮਾਜ ਦੀਆਂ ਬੁਰਾਈਆਂ ਵਿਰੁੱਧ ਮਜ਼ਬੂਤੀ ਨਾਲ ਲੜਦਾ ਵੀ ਹੈ ਤੇ 990ਸੰਘਰਸ਼ ਵੀ ਕਰਦਾ ਹੈ। ਇਸਦੇ ਨਾਲ ਨਾਲ ਜੋ ਕੋਈ ਵੀ ਕਿਸੇ ਵੀ ਧਰਮ ਦਾ ਦਿਨ ਤਿਉਹਾਰ ਆਉਂਦਾ ਹੈ, ਉਸ ਵਿੱਚ ਵੀ ਆਪਣਾ ਬਣਦਾ ਯੋਗਦਾਨ ਪਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਕੁਦਰਤ ਦੀ ਸਭ ਤੋਂ ਵੱਡੀ ਲੋੜ ਪਾਣੀ ਦੀ ਬੱਚਤ ਅਤੇ ਬੂਟੇ ਲਗਾਉਣ ਦੀ ਹੈ, ਜਿਸ ਦੇ ਮੱਦੇਨਜ਼ਰ ਅੱਜ ਦੇ ਦਿਨ ਗੁਰੂ ਨਾਨਕ ਦੇਵ ਪਵਿੱਤਰ ਜੰਗਲ ਵਿੱਚ ਸ. ਜਗਤਾਰ ਸਿੰਘ ਜੱਗੀ ਦੀ ਅਗਵਾਈ ਵਿੱਚ ਬੂਟੇ ਲਗਾਏ ਗਏ ਹਨ, ਕਿਉਂਕਿ ਸਾਨੂੰ ਪੂਰਾ ਵਿਸ਼ਵਾਸ ਹੈ ਕਿ ਸਾਡੇ ਵੱਲੋਂ ਅੱਜ ਇਸ ਜੰਗਲ ਵਿੱਚ ਲਗਾਏ ਗਏ ਬੂਟਿਆਂ ਦੀ ਜਗਤਾਰ ਜੱਗੀ ਜੀ ਅਤੇ ਉਨ੍ਹਾਂ ਦੇ ਸਾਥੀ ਇਨ੍ਹਾਂ ਬੂਟਿਆਂ ਦਾ ਵਧੀਆ ਪਾਲਣ ਪੋਸ਼ਣ ਕਰ ਕੇ ਵੱਡੇ ਵੀ ਕਰਨਗੇ। ਇਸ ਮੌਕੇ ਸ. ਜਗਤਾਰ ਜੱਗੀ ਨੇ ਗੁਰੂ ਨਾਨਕ ਦੇਵ ਪਵਿੱਤਰ ਜੰਗਲ ਬਾਰੇ ਦੱਸਦੇ ਹੋਏ ਕਿਹਾ ਕਿ ਹੁਣ ਤੱਕ ਇਸ ਜੰਗਲ ਵਿੱਚ ਸਾਡੇ ਵੱਲੋਂ 990 ਬੂਟੇ ਲਗਾਏ ਜਾ ਚੁੱਕੇ ਹਨ, ਜਿਨ੍ਹਾਂ ਵਿਚ ਹਰ ਪ੍ਰਜਾਤੀ ਦੇ ਪੌਦੇ ਲਗਾਏ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਉਹ ਆਪਣੀ ਟੀਮ ਦੇ ਨਾਲ਼ ਆਪਣੇ ਹੱਥੀਂ ਪੌਧਿਆਂ ਦੀ ਦੇਖਭਾਲ ਕਰਦੇ ਹਾਂ। ਜੱਗੀ ਨੇ ਕਿਹਾ ਕਿ ਮੈਂ ਸਮੁੱਚੇ ਸਮਾਜ ਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਆਪਣੇ ਆਲੇ-ਦੁਆਲੇ ਜਿੱਥੇ ਵੀ ਕੋਈ ਅਜਿਹੀ ਜਗ੍ਹਾ ਲੱਭੋ ਜਿੱਥੇ ਤੁਸੀਂ ਰੁੱਖ ਲਗਾ ਸਕਦੇ ਹੋ, ਤਾਂ ਉੱਥੇ ਬੂਟੇ ਜ਼ਰੂਰ ਲਗਾਓ, ਕਿਉਂਕਿ ਇਹ ਪੌਧੇ ਤੁਹਾਨੂੰ ਸਭ ਨੂੰ ਜੀਵਨ ਦਿੰਦੇ ਹਨ। ਇਸ ਮੌਕੇ ਪੱਤਰਕਾਰ ਬਲਜੀਤ ਸਿੰਘ ਬਾਲੀ, ਪਰਮਜੀਤ ਸਿੰਘ ਪੰਮੀ ਬੇਦੀ, ਜਸਵਿੰਦਰ ਸਿੰਘ ਸੈਂਡੀ, ਪਰਮਜੀਤ ਸਿੰਘ ਸਿੱਧੂ, ਚਰਨਜੀਤ ਸਿੰਘ, ਤਰੁਣ ਠਕੁਰਾਲ, ਅਮਰੀਸ਼ ਗਰਗ ਅਤੇ ਹੋਰ ਵੀ ਹਾਜ਼ਰ ਸਨ। ਉਪਰੋਕਤ ਤੋਂ ਅਲਾਵਾ ਇਲੈਕਟ੍ਰਾਨਿਕ ਮੀਡੀਆ ਵੈਲਫੇਅਰ ਕਲੱਬ ਪਟਿਆਲਾ ਦੇ ਚੇਅਰਮੈਨ ਸ੍ਰੀ ਅਸ਼ੋਕ ਵਰਮਾ ਵਲੋਂ ਇੱਕ ਵਧਾਈ ਸੰਦੇਸ਼ ਭੇਜ ਕੇ ਸਮੂਹ ਮੀਡੀਆ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਹਨ। ਇਸ ਸੰਦੇਸ਼ ਪੱਤਰ ਰਾਹੀਂ ਉਨ੍ਹਾਂ ਨੇ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਨੂੰ ਲਿਖਿਆ ਹੈ ਕਿ ਸਮੂਹ ਮੀਡੀਆ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਅਤੇ ਉਨ੍ਹਾਂ ਦੀ ਸੰਪੂਰਨ ਆਜ਼ਾਦੀ ਲਈ ਹਰ ਹਾਲ ਵਿਚ ਜ਼ਰੂਰੀ ਕਦਮ ਚੁੱਕੇ ਜਾਣ।

### ਭਗਵਾਨ ਸ੍ਰੀ ਪਰਸ਼ੂਰਾਮ ਜਨਮ ਉਤਸਵ ਅਤੇ ਈਦ ਮੁਬਾਰਕ ਦੀਆਂ ਦੇਸ਼ਵਾਸੀਆਂ ਨੂੰ ਦਿੱਤੀਆਂ ਵਧਾਈਆਂ

# ਢਾਹਾਂ ਕਲੇਰਾਂ ਹਸਪਤਾਲ ਵਿਖੇ 21 ਦਿਨਾਂ ਔਰਤਾਂ ਦਾ ਫਰੀ ਚੈੱਕਅਪ ਕੈਂਪ 09 ਮਈ ਦਿਨ ਸੋਮਵਾਰ ਤੋਂ ਆਰੰਭ




**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਔਰਤਾਂ ਦੇ ਵਿਭਾਗ ਵਿਚ 21 ਦਿਨਾਂ ਔਰਤਾਂ ਦਾ ਫਰੀ ਮੈਗਾ ਚੈੱਕਅਪ ਕੈਂਪ 09 ਮਈ 2022 ਤੋਂ 30 ਮਈ 2022 ਤੱਕ ਲਗਾਇਆ ਜਾ ਰਿਹਾ ਹੈ । ਇਹ ਜਾਣਕਾਰੀ ਸ. ਹਰਦੇਵ ਸਿੰਘ ਕਾਹਮਾ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਕੀਤੀ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ 21 ਦਿਨਾਂ ਔਰਤਾਂ ਦਾ ਫਰੀ ਮੈਗਾ ਕੈਂਪ 09 ਮਈ ਦਿਨ ਸੋਮਵਾਰ ਤੋਂ 30 ਮਈ 2022 ਤੱਕ ਲੱਗੇਗਾ ਜਿਸ ਵਿਚ ਔਰਤਾਂ ਦੀਆਂ ਬਿਮਾਰੀਆਂ ਦਾ ਵਧੀਆ ਇਲਾਜ ਅਤੇ ਦੂਰਬੀਨੀ ਅਪਰੇਸ਼ਨ ਕਰਨ ਦੇ ਮਾਹਿਰ ਡਾ. ਚਾਂਦਨੀ ਬੱਗਾ ਐਮ ਐਸ ਰੋਜ਼ਾਨਾ ਸਵੇਰੇ 09 ਤੋਂ 2 ਵਜੇ ਤੱਕ ਚੈੱਕਅਪ ਕਰਿਆ ਕਰਨਗੇ। ਕੈਂਪ ਦੀਆਂ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਦਿੰਦੇ ਸ. ਕਾਹਮਾ ਨੇ ਦੱਸਿਆ ਕਿ ਇਸ ਕੈਂਪ ਵਿਚ 21 ਦਿਨਾਂ ਫਰੀ ਕੈਂਪ ਵਿਚ ਮਰੀਜ਼ਾਂ ਦੀ ਰਜਿਸਟਰੇਸ਼ਨ ਫਰੀ ਕੀਤੀ ਜਾਵੇਗੀ ਅਤੇ ਫਰੀ ਚੈਕਅੱਪ ਹੋਵੇਗਾ । ਮਰੀਜ਼ਾਂ ਨੂੰ ਲੈਬੋਟਰੀ ਟੈਸਟਾਂ ਵਿਚ 50% ਦੀ ਵੱਡੀ ਛੋਟ ਦਿੱਤੀ ਜਾਵੇਗੀ । ਮੈਗਾ ਕੈਂਪ ਵਿਚ ਔਰਤਾਂ ਦੀ ਬੱਚੇਦਾਨੀ, ਅੰਡੇਦਾਨੀ ਦੇ ਦੂਰਬੀਨੀ ਤੇ ਟਾਂਕੇ ਵਾਲਾ 40 ਹਜ਼ਾਰ ਵਾਲਾ ਅਪਰੇਸ਼ਨ ਸਿਰਫ 13 ਹਜ਼ਾਰ ਰੁਪਏ (ਦਵਾਈਆਂ ਸਮੇਤ) ਵਿਚ ਕੀਤਾ ਜਾਵੇਗਾ ਅਤੇ ਔਰਤਾਂ ਦੀ ਨਸਬੰਦੀ/ਨਲਬੰਦੀ/ਫੈਮਿਲੀ ਪਲੈਨਿੰਗ ਦਾ 18 ਹਜ਼ਾਰ ਵਾਲਾ ਅਪਰੇਸ਼ਨ ਸਿਰਫ ਸੱਤ ਹਜ਼ਾਰ ਰੁਪਏ (ਦਵਾਈਆਂ ਸਮੇਤ) ਵਿਚ ਕੀਤਾ ਜਾਵੇਗਾ।ਕੈਂਪ ਦੌਰਾਨ ਬੱਚੇਦਾਨੀ ਦੇ ਕੈਂਸਰ ਦੀ 500 ਰੁਪਏ ਵਾਲੀ ਜਾਂਚ ਸਿਰਫ 200 ਰੁਪਏ ਕੀਤੀ ਜਾਵੇਗੀ । ਇਸ ਤੋਂ ਇਲਾਵਾ ਔਰਤਾਂ ਦੀਆਂ ਬਿਮਾਰੀਆਂ ਦੇ ਹੋਰ ਵੀ ਅਪਰੇਸ਼ਨਾਂ ਅਤੇ ਇਲਾਜਾਂ ਵਿਚ ਵੀ ਭਾਰੀ ਛੋਟਾਂ ਦਿੱਤੀਆਂ ਜਾ ਰਹੀਆ ਹਨ । ਲੋੜਵੰਦ ਮਰੀਜ਼ਾਂ ਅਤੇ ਇਲਾਕਾ ਨਿਵਾਸੀਆਂ ਨੂੰ ਗੁਰੂ ਨਾਨਕ ਮਿਸ਼ਨ ਢਾਹਾਂ ਕਲੇਰਾਂ ਹਸਪਤਾਲ ਵਿਖੇ 9 ਮਈ ਦਿਨ ਸੋਮਵਾਰ ਤੋਂ ਆਰੰਭ ਹੋ ਰਹੇ ਔਰਤਾਂ ਦੀਆਂ ਬਿਮਾਰੀਆਂ ਦੇ 21 ਦਿਨਾਂ ਮੈਗਾ ਕੈਂਪ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ ਦੀ ਅਪੀਲ ਕੀਤੀ ਹੈ। ਇਸ ਮੌਕੇ ਕੁਲਵਿੰਦਰ ਸਿੰਘ ਢਾਹਾਂ ਜਨਰਲ ਸਕੱਤਰ, ਸ. ਅਮਰਜੀਤ ਸਿੰਘ ਕਲੇਰਾਂ ਚੇਅਰਮੈਨ ਫਾਈਨਾਂਸ, ਡਾ. ਰਵਿੰਦਰ ਖਜ਼ੂਰੀਆ ਮੈਡੀਕਲ ਸੁਪਰਡੈਂਟ, ਡਾ. ਚਾਂਦਨੀ ਬੱਗਾ ਐਮ. ਐਸ. (ਔਰਤਾਂ ਦੀਆਂ ਬਿਮਾਰੀਆਂ ਦੇ ਮਾਹਿਰ), ਸ. ਵਰਿੰਦਰ ਸਿੰਘ ਬਰਾੜ ਐਚ ਆਰ, ਸ. ਮਹਿੰਦਰਪਾਲ ਸਿੰਘ ਦਫ਼ਤਰ ਸੁਪਰਡੈਂਟ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ ।

# ਇਸ ਗਰਮੀ ਵਿੱਚ ਡੈਟੋਲ ਇਨਟੈਂਸ ਕੂਲ ਦੇ ਨਾਲ 5 ਡਿਗਰੀ ਵੱਧ ਠੰਡਕ ਮਹਿਸੂਸ ਕਰੋ




**ਚੰਡੀਗੜ੍ਹ/ਲੁਧਿਆਣਾ/ਜਲੰਧਰ/ਅੰਮ੍ਰਿਤ ਸਰ/ਲੋਕ ਬਾਣੀ**

ਭਾਰਤ ਦੇ ਮੋਹਰੀ ਜਰਮ ਪ੍ਰੋਟੈਕਸ਼ਨ ਬ੍ਰਾਂਡ ਡੈਟੋਲ ਨੇ ਡੈਟੋਲ ਇਨਟੈਂਸ ਕੂਲ ਸਾਬਣ ਦੇ ਲਈ ਆਪਣੀ ਨਵੀਂ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ, ਜੋ ਬਦਬੂ ਤੋਂ ਸੁਰੱਖਿਆ ਦੇ ਨਾਲ 5 ਡਿਗਰੀ ਸੈਲਸੀਅਸ ਵਧੇਰੇ ਠੰਡਾ ਅਨੁਭਵ ਦਿੰਦਾ ਹੈ ਅਤੇ ਹਰੇਕ ਵਾਰ ਨਹਾਉਣ @ਤੇ ਸਕਿਨ ਨੂੰ ਤਾਜ਼ਗੀ ਮਹਿਸੂਸ ਕਰਵਾਉਂਦਾ ਹੈ।

ਡੈਟੋਲ ਇਨਟੈਂਸ ਕੂਲ ਸਾਬਣ ਆਪਣੀ ਭਰੋਸੇਮੰਦ ਕੀਟਾਣੂ ਸੁਰੱਖਿਆ, ਮੇਨਥੋਲ ਵਰਗੇ ਕੂਲਿੰਗ ਏਜੰਟਾਂ ਨਾਲ ਭਰੀ ਹੋਈ ਹੈ, ਜੋ ਬਰਫ ਨਾਲ ਹਾਉਣ ਦਾ ਅਨੁਭਵ ਅਤੇ ਜੋਸ਼ ਭਰੀ, ਤਾਜ਼ਗੀ ਦੇਣ ਵਾਲੀ ਖੁਸ਼ਬੂ ਪੈਦਾ ਕਰਦੀ ਹੈ। ਸਾਬਣ ਵਿੱਚ ਸਕਿਨ ਨੂੰ ਨਮੀ ਦੇਣ ਵਾਲੀ ਅਤੇ ਸਿਹਤਮੰਦ ਰੱਖਣ ਲਈ ਕੁਦਰਤੀ ਤੌਰ @ਤੇ ਪ੍ਰਾਪਤ ਸਮੱਗਰੀ ਅਤੇ ਗਲਿਸਰੀਨ ਸ਼ਾਮਲ ਹੈ, ਜੋ ਬਦਬੂ ਦਾ ਕਾਰਣ ਬਣਨ ਵਾਲੇ ਕੀਟਾਣੂਆਂ ਨੂੰ 99.9 ਪ੍ਰਤੀਸ਼ਤ ਤੱਕ ਦੂਰ ਕਰਕੇ ਠੰਡਕ, ਸਫ਼ਾਈ ਅਤੇ ਤਾਜ਼ਗੀ ਮਹਿਸੂਸ ਕਰਵਾਉਂਦਾ ਹੈ।

ਇਸ ਨਵੇਂ ਦਾਅਵੇ @ਤੇ ਟਿੱਪਣੀ ਕਰਦਿਆਂ ਰੇਕਿੱਟ ਦੇ ਸਾਊਥ ਏਸ਼ੀਆ-ਹੈਲਥ ਐਂਡ ਨਿਊਟ੍ਰਿਸ਼ਨ ਦੇ ਰੀਜਨਲ ਮਾਰਕੇਟਿੰਗ ਡਾਇਰੈਕਟਰ ਦਿਲੇਨ ਗਾਂਧੀ ਨੇ ਕਿਹਾ, ਡੈਟੋਲ ਗਾਹਕਾਂ ਲਈ ਹਮੇਸ਼ਾ ਇੱਕ ਮਜ਼ਬੂਤ ਸਫਾਈ ਭਾਈਵਾਲ ਰਿਹਾ ਹੈ, ਉਹਨਾਂ ਨੂੰ ਲਾਭਾਂ ਬਾਰੇ ਸਿੱਖਿਅਤ ਕਰਨ ਅਤੇ ਸੂਚਿਤ ਕਰਨ ਲਈ ਲਗਾਤਾਰ ਉਤਪਾਦ ਅਤੇ ਕੰਪੇਨਾਂ ਬਣਾਉਂਦਾ ਰਿਹਾ ਹੈ।

ਸਾਡੀ ਖੋਜ ਦਰਸਾਉਂਦੀ ਹੈ ਕਿ ਗਾਹਕ ਇੱਕ ਅਜਿਹੇ ਹੱਲ ਦੀ ਤਲਾਸ਼ ਕਰ ਰਹੇ ਹਨ, ਜੋ ਉਹਨਾਂ ਨੂੰ ਸਖ਼ਤ ਗਰਮੀਆਂ ਦੀ ਤਪਿਸ਼ ਦਾ ਮੁਕਾਬਲਾ ਕਰਨ ਲਈ ਇੱਕ ਤਤਕਾਲ ਕੂਲਿੰਗ ਅਨੁਭਵ ਪ੍ਰਦਾਨ ਕਰ ਸਕੇ। ਡੈਟੋਲ ਇਨਟੈਂਸ ਕੂਲ ਉਹ ਸਮਾਧਾਨ ਹੈ। ਇਸਨੂੰ ਸਮੱਗਰੀ ਦੇ ਸੰਪੂਰਨ ਮਿਸ਼ਰਣ ਨਾਲ ਤਿਆਰ ਕੀਤਾ ਗਿਆ ਹੈ, ਜੋ ਇਹਨਾਂ ਗਰਮੀਆਂ ਵਿੱਚ ਬਹੁਤ ਲੋੜੀਂਦਾ ਕੂਲਿੰਗ ਪ੍ਰਭਾਵ ਜੋੜਨ ਅਤੇ ਗਾਹਕਾਂ ਦੇ ਨਹਾਉਣ ਦੇ ਅਨੁਭਵ ਨੂੰ ਹੋਰ ਵਧੀਆ ਬਣਾਉਣ ਵਿੱਚ ਮਦਦ ਕਰੇਗਾ।

# ਦੇਸ਼ ਨੂੰ ਗਰੀਨ ਸੁਪਰ ਪਾਵਰ ਬਨਾਉਣ ਦੇ ਲਈ ਆਈਐਮਆਰਸੀ ਦਾ ਆਯੋਜਨ



**ਚੰਡੀਗੜ੍ਹ/ਲੋਕ ਬਾਣੀ**

ਭਾਰਤ ਨੂੰ ਗਰੀਨ ਸੁਪਰ ਪਾਵਰ ਬਨਾਉਣ ਵਿਚ ਈ-ਵੇਸਟ (ਇਲੇਕਟ੍ਰੋਨਿਕ ਵੇਸਟ) ਦੇ ਨਿਪਟਾਰੇ ਵਿਚ ਪੇਸ਼ ਆ ਰਹੀ ਚੁਣੌਤਿਆਂ ਦੇ ਲਈ ਨਿਪੱਟਣ ਅਤੇ ਦੇਸ਼ ਨੂੰ ਸਾਲ 2030 ਤਕ ਇਕ ਗਰੀਨ ਸੁਪਰਪਾਵਰ ਬਨਾਉਣ ਦੇ ਰੋਡਮੈਪ ਤੇ ਚਰਚਾ ਦੇ ਲਈ ਮੈਟਿਰਅਲ ਰਿਸਾਇਕਲਿੰਗ ਐਸੋਸਿਏਸ਼ਨ ਆਫ ਇੰਡਿਆ (ਐਮਆਰਏਆਈ) ਨੇ ਅਪਣੇ ਨੌਵੇਂ ਇੰਡਿਅਨ ਮੈਰਿਰਅਲ ਰਿਸਾਇਕਲਿੰਗ ਕਾਂਫਰੇਂਸ (ਆਈਐਮਆਰਸੀ) ਦੀ ਘੋਸ਼ਣਾ ਕੀਤੀ ਹੈ ਜੋ ਕਿ 5-7 ਮਈ, 2022 ਤਕ ਦਿੱਲੀ ਵਿਖੇ ਲੀਲਾ ਕਨਵੇਂਸ਼ਨ ਸੇਂਟਰ ਵਿਚ ਆਯੋਜਤ ਕੀਤੀ ਜਾਵੇਗੀ। ਇਸ ਤਿੰਨ ਦਿਨੀ ਪ੍ਰੋਗਰਾਮ ਵਿਚ ਵੱਖ ਵੱਖ ਕੰਪਨਿਆਂ ਅਤੇ ਐਸੋਸਿਏਸ਼ਨਾਂ ਦੇ ਵਕਤਾ ਸ਼ਾਮਲ ਹੋਣਗੇਂ ਜੋ ਭਾਰਤ ਨੂੰ ਸਾਲ 2030 ਤਕ ਨਾਨ ਫੋਸਿਲਸ ਫਿਯੂਲ ਅਧਾਰਤ ਊਰਜਾ ਉਤਪਾਦਨ ਅਤੇ ਅਨੁਮਾਨਿਤ ਕਾਰਬਨ ਐਮੀਸ਼ਨ ਵਿਚ ਇਕ ਬਿਲਅਨ ਟਨ ਦੀ ਕਟੌਤੀ ਲਿਆਉਣ ਦੇ ਲਈ ਸਰਕਾਰ ਦੀ ਮਹਤਵਕਾਂਸ਼ੀ ਯੋਜਨਾ ਦੀ ਪੂਰਤੀ ਕਰਣ ਦੇ ਲਈ ਵਿਚਾਰ ਵਟਾਉਂਦਰਾ ਕਰਣਗੇਂ।


ਇਸ ਪ੍ਰੋਗਰਾਮ ਦੇ ਕੈਬਿਨੇਟ ਰੋਡ ਟ੍ਰਾਂਸਪੋਰਟ ਅਤੇ ਨੈਸ਼ਨਲ ਹਾਈਵੇ ਮੰਤਰੀ ਨਿਤਨ ਗਡਕਰੀ ਮੁੱਖਅਤਿਥ ਵਜੋਂ ਸ਼ਾਮਲ ਹੋਣਗੇਂ ਜਦਕਿ 7 ਮਈ ਨੂੰ ਵਿੱਤੀ ਰਾਜ ਮੰਤਰੀ ਡਾੱ ਭਾਗਵਤ ਕਰਾੜ, ਨੀਤੀ ਆਯੋਗ ਦੇ ਸੀਈਉ ਅਮਿਤਾਭ ਕਾਂਤ, ਖਾਨ ਮੰਤਰਾਲੈ ਦੇ ਸਕਤਰ ਆਲੋਕ ਟੰਡਨ ਅਤੇ ਜਾਮਨਗਰ ਦੀ ਸਾਂਸਦ ਪੁਨਮਬੇਨ ਮਡਾਮ ਅਧਿਵੇਸ਼ਨ ਨੂੰ ਸੰਬੋਧਤ ਕਰਣਗੇਂ।

ਐਮਆਰਏਆਈ ਦੇ ਪਰਮੂਖ ਸੰਜੇ ਮੇਹਤਾ ਨੇ ਮੌਕੇ ਤੇ ਕਿਹਾ ਕਿ ਚੀਨ ਅਤੇ ਅਮਰੀਕਾ ਦੇ ਬਾਅਦ ਭਾਰਤ ਦੁਨਿਆ ਵਿਚ ਸਭ ਤੋਂ ਵੱਡਾ ਈ-ਵੇਸਟ ਨਿਰਮਾਤਾ ਹੈ। 95 ਫੀਸਦੀ ਤੋਂ ਵੀ ਵੱਧ ਇਸ ਤਰ੍ਹਾਂ ਦਾ ਵੇਸਟ ਇਨਫਾਰਮਲ ਸੇਕਟਰ ਦੁਆਰਾ ਹੈਂਡਲ ਕੀਤਾ ਜਾਂਦਾ ਹੈ। ਈ-ਵੇਸਟ ਇਕ ਵੈਸ਼ਵਿਕ ਚੁਣੋਤੀ ਹੈ ਅਤੇ ਭਾਰਤ ਵੀ ਇਸ ਸਮਾਸਿਆ ਤੋਂ ਅਛੂਤਾ ਨਹੀਂ ਹੈ ਕਿਉਂਕਿ ਦੇਸ਼ ਵਿਚ ਇਲੇਕਟ੍ਰੋਨਿਕ ਉਪਕਰਣਾਂ ਦਾ ਉਪਯੋਗ ਤੇਜੀ ਨਾਲ ਹੋ ਰਿਹਾ ਹੈ ਜੋ ਕਿ ਗਰੀਨ ਇਕੋਨੋਮੀ ਨੂੰ ਨਿਰੰਤਰ ਮੁਸ਼ਕਲਾਂ ਪੇਸ਼ ਕਰ ਰਿਹਾ ਹੈ। ਬਾਵਜੂਦ ਇਸਦੇ ਉਨ੍ਹਾਂ ਨੇ ਭਰੋਸਾ ਦੁਵਾਇਆ ਕਿ ਇਹੋ ਜਿਹੇ ਸਮੇਂ ਵਿਚ ਦੇਸ਼ ਮੈਨਯੂਫੈਕਚਰਿੰਗ ਇਨਟੇਂਸਿਵ ਗਰੀਨ ਇਕੋਨੋਮੀ ਦੀ ਵਲ੍ਹ ਵੱਧ ਰਿਹਾ ਹੈ ਜੋ ਕਿ ਵੇਸਟ ਦੀ ਰਿਕਵਰੀ ਅਤੇ ਰਿਯੂਜ ਦੁਆਰਾ ਭਾਰਤ ਦੇ ਵਿਕਾਸ ਵਿਚ ਇਕ ਪਰਮੁਖ ਭੂਮਿਕਾ ਨਿਭਾਏਗਾ। ਐਮਆਰਏਆਈ ਦੇ ਮੁੱਖ ਸਕਤਰ ਅਮਰ ਸਿੰਘ ਨੇ ਦਸਿਆ ਕਿ ਇਹ ਆਯੋਜਨ ਮਹਤਵਪੂਰਣ ਸਮੇਂ ਵਿਚ ਆਯੌਜਤ ਕੀਤਾ ਜਾ ਰਿਹਾ ਹੈ ਜਦ ਭਾਰਤੀ ਇਕੋਸਿਸਟਮ ਈ-ਮੋਬਿਲਟੀ ਦੀ ਵਲ੍ਹ ਰੁੱਖ ਕਰ ਰਹੇ ਹਨ ਅਤੇ ਲੋਕੀ ਬੈਟਰੀ ਦੇ ਰਿਸਾਇਕਲਿੰਗ ਜਾਂ ਈ-ਵੇਸਟ ਦੇ ਨਿਪਟਾਰੇ ਦੇ ਸਹੀ ਵਿਕਲਪ ਤਲਾਸ਼ ਕਰ ਹਹੇ ਹਨ। ਉਨ੍ਹਾਂ ਨੇ ਕਿਹਾ ਕਿ ਆਈਐਮਆਰਸੀ ਦਾ ਟੀਚਾ ਜਾਗਰੂਕਤਾ ਪ੍ਰਦਾਨ ਕਰਵਾਉਣ ਦੇ ਨਾਲ ਨਾਲ ਵੱਖ ਵੱਖ ਸਾਮਗਰਿਆਂ ਦੀ ਰਿਸਾਇਕਲਿੰਗ ਅਤੇ ਉਨ੍ਹਾਂ ਦੇ ਲਾਭਾਂ ਨੂੰ ਸਰਕਾਰ ਤਕ ਪਹੁੰਚਾਉਣਾ ਹੈ।

## ਅਧਿਆਪਕਾ ਨੇ ਸਾਥੀ ਅਧਿਆਪਕਾਵਾਂ ਤੋ ਤੰਗ ਆ ਕੇ ਕੀਤੀ ਖੁਦਕੁਸ਼ੀ

# ਖੁਦਕਸ਼ੀ ਕਰਨ ਤੋ ਪਹਿਲਾਂ ਰਵਨੀਤ ਕੌਰ ਤੇ ਮਨਪ੍ਰੀਤ ਕੌਰ ਦਾ ਨਾਮ ਕੰਧ ਤੇ ਲਿਖਿਆ







**ਭੁਲੱਥ/ਧਵਨ**

ਸਬ ਡਵੀਜਨ ਭੁਲੱਥ ਦੇ ਅਧੀਨ ਆਉਂਦੇ ਪਿੰਡ ਮਿਆਣੀ ਭੱਗੁਪੁਰੀਆਂ ਵਾਸੀ ਨਮਰਤਾ ਸ਼ਰਮਾ ਨੇ ਸਰਕਾਰੀ ਹਾਈ ਸਕੂਲ ਭਦਾਸ ਜਿਲਾ ਕਪੂਰਥਲਾ ਦੀਆਂ ਦੋ ਅਧਿਆਪਕਾਂਵਾਂ ਵੱਲੋਂ ਕਥਿਤ ਤੌਰ ਤੇ ਜ਼ਲੀਲ ਕਰਨ ਤੇ ਫਾਹਾ ਲੈ ਕੇ ਖੁਦਕੁਸ਼ੀ ਕਰਨ ਦੀ ਖਬਰ ਸਾਹਮਣੇ ਆਈ ਹੈ। ਇਸ ਸਬੰਧੀ ਬੇਗੋਵਾਲ ਪੁਲਿਸ ਵੱਲੋਂ ਮਿਲੇ ਸਬੂਤਾਂ ਦੇ ਆਧਾਰ ਤੇ ਦੋਵਾਂ ਅਧਿਆਪਕਾਂਵਾਂ ਰਵਨੀਤ ਕੌਰ ਤੇ ਮਨਪ੍ਰੀਤ ਕੌਰ ਵਾਸੀ ਬੇਗੋਵਾਲ ਦੇ ਖਿਲਾਫ ਪਰਚਾ ਦਰਜ ਕਰ ਲਿਆ ਹੈ। । ਇਸ ਸਬੰਧੀ ਮ੍ਰਿਤਕ ਅਧਿਆਪਕਾ ਦੇ ਪਤੀ ਵਿਸ਼ਾਲ ਬਜਾਜ ਪੁੱਤਰ ਅਸ਼ੋਕ ਬਜਾਜ ਵਾਸੀ ਪਿੰਡ ਮਿਆਣੀ ਭੱਗੁਪੁਰੀਆ ਵੱਲੋਂ ਪੁਲਿਸ ਨੂੰ ਦਿਤੇ ਬਿਆਨਾ ਚ' ਦੱਸਿਆ ਕਿ ਉਹ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਮੰਡ ਕੁੱਲਾ ਵਿਖੇ ਬਤੌਰ ਈਟੀਟੀ ਟੀਚਰ ਸੇਵਾ ਨਿਭਾ ਰਿਹਾ ਹੈ ।2 ਮਈ ਨੂੰ ਮੇਰੀ ਪਤਨੀ ਨਮਰਤਾ ਸ਼ਰਮਾ ਉਮਰ 40 ਸਾਲ ਵਕਤ ਕਰੀਬ 9:30 ਵਜੇ ਦਿਨ ਆਪਣੀ ਡਿਊਟੀ ਤੇ ਸਰਕਾਰੀ ਪ੍ਰਾਇਮਰੀ ਸਕੂਲ ਭਦਾਸ ਗਈ ਸੀ ਅਤੇ ਕਰੀਬ 12:15 ਵਜੇ ਦਿਨ ਉਹ ਸਕੂਲ ਤੋਂ ਘਰ ਵਾਪਸ ਆ ਗਈ ਸੀ। ਪਤੀ ਨੇ ਦੱਸਿਆ ਕਿ ਮੇਰੀ ਪਤਨੀ ਨੇ ਸਕੂਲ ਵਾਪਸ ਘਰ ਆ ਕੇ ਮੈਨੂੰ ਦੱਸਿਆ ਕਿ ਮੈਡਮ ਰਵਨੀਤ ਕੌਰ ਅਤੇ ਮਨਦੀਪ ਕੌਰ ਨਾਲ ਸਕੂਲ ਲੇਟ ਜਾਣ ਤੋਂ ਬਹਿਸ ਹੋਈ ਹੈ ਤੇ ਰਵਨੀਤ ਕੌਰ ਤੇ ਮਨਦੀਪ ਕੌਰ ਨੇ ਉਸ ਨੂੰ ਜਲੀਲ ਕੀਤਾ ਤੇ ਮਾੜਾ ਚੰਗਾ ਬੋਲਿਆ ਹੈ ਤੇ ਮੈਂ ਆਪਣੀ ਪਤਨੀ ਨੂੰ ਕਿਹਾ ਕਿ ਮੈਂ ਪਰਸੋਂ ਆਪ ਤੇਰੇ ਨਾਲ ਜਾ ਕੇ ਸਕੂਲ ਦੀਆ ਮੈਡਮਾਂ ਨਾਲ ਗੱਲ ਕਰਕੇ ਆਵਾਂਗਾ ਉਸ ਤੋਂ ਬਾਅਦ ਮੈਂ ਤੇ ਮੇਰੀ ਪਤਨੀ ਲੜਕਾ ਸ਼ਮੀਰ ਬਜਾਜ ਖਾਣਾ ਖਾ ਕੇ ਆਪਣੇ ਘਰ ਰਾਤ ਨੂੰ ਬੈਠੇ ਸੀ ਤਾਂ ਵਕਤ ਕਰੀਬ 10:00 ਵਜੇ ਰਾਤ ਮੇਰੀ ਪਤਨੀ ਨਮਰਤਾ ਸ਼ਰਮਾ ਮੇਰੇ ਕਮਰੇ ਵਿੱਚ ਉੱਠ ਕੇ ਦੂਸਰੇ ਕਮਰੇ ਵਿੱਚ ਚਲੀ ਗਈ ਜਿਸ ਤੇ ਮੇਰਾ ਬੇਟਾ ਮੇਰੀ ਪਤਨੀ ਨੂੰ ਬੁਲਾਉਣ ਗਿਆ ਪਰ ਉਹ ਨਹੀਂ ਆਈ ਫਿਰ ਅਚਾਨਕ 15 ਮਿੰਟ ਬਾਅਦ ਮੇਰੀ ਘਰਵਾਲੀ ਆਪਣੇ ਕਮਰੇ ਵਿੱਚੋਂ ਬਾਹਰ ਆਈ ਤੇ ਉਸ ਨੇ ਮੇਰੇ ਕਮਰੇ ਵਾਲੇ ਦਰਵਾਜੇ ਦਾ ਬਾਹਰੋਂ ਕੁੰਡਾ ਲਾ ਦਿੱਤਾ, ਜਿਸ ਤੇ ਮੈਂ ਅਤੇ ਮੇਰੇ ਬੇਟੇ ਨੇ ਅਵਾਜਾਂ ਮਾਰੀਆਂ ਪਰ ਉਸ ਨੇ ਕੁੰਡਾ ਨਹੀਂ ਖੋਲਿਆ। ਫਿਰ ਮੈ ਆਪਣੀ ਮੇਰੇ ਮਾਤਾ ਜਸਵੰਤ ਰਾਣੀ ਦੇ ਫੋਨ ਤੇ ਫੋਨ ਕੀਤਾ ਜਿਸ ਤੇ ਮੇਰਾ ਭਰਾ ਦੀਪਕ ਬਜਾਜ ਮੇਰੇ ਘਰ ਆਇਆ ਕਮਰੇ ਦਾ ਕੁੰਡਾ ਖੋਲਿਆਂ ਤੇ ਅਸੀਂ ਦੂਸਰੇ ਕਮਰੇ ਵਿੱਚ ਦੇਖਿਆ ਕਿ ਮੇਰੀ ਪਤਨੀ ਨਮਰਤਾ ਸ਼ਰਮਾ ਨੇ ਮੈਡਮਾ ਰਵਨੀਤ ਕੌਰ ਅਤੇ ਮਨਦੀਪ ਕੌਰ ਤੋਂ ਤੰਗ ਪਰੇਸਾਨ ਆ ਕੇ ਖੁਦਕੁਸ਼ੀ ਕਰਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਹੈ। ਮ੍ਰਿਤਕ ਖੁਦਕੁਸ਼ੀ ਕਰਨ ਤੋਂ ਪਹਿਲਾ ਉਸ ਕਮਰੇ ਵਿੱਚ ਲਿਪਸਟਿਕ ਨਾਲ ਕੰਧ ਤੇ ਅਤੇ ਅਲਮਾਰੀ ਦੇ ਦਰਵਾਜੇ ਲਿਖ ਗਈ ਹੈ ਕਿ ਉਸ ਨੂੰ ਰਵਨੀਤ ਕੌਰ ਤੇ ਮਨਦੀਪ ਕੌਰ ਨੇ ਜਲੀਲ ਕੀਤਾ ਹੈ ਅਤੇ ਮੈਂਟਲੀ ਟਾਰਚਰ ਕਰਦੀਆਂ ਹਨ, ਉਹਨਾਂ ਨੂੰ ਬਿਲਕੁਲ ਵੀ ਨਾ ਬਖਸਿਆ ਜਾਵੇ, ਮੇਰੀ ਮੌਤ ਦੀਆਂ ਜਿੰਮੇਵਾਰ ਰਵਨੀਤ ਕੌਰ ਤੇ ਮਨਦੀਪ ਕੌਰ ਹਨ। ਇਸ ਸਬੰਧੀ ਬੇਗੋਵਾਲ ਪੁਲਿਸ ਨੇ ਦੋਵਾਂ ਦੋਸ਼ੀ ਅਧਿਆਪਕਾਂਵਾਂ ਦੇ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਜਾਂਚ ਆਰੰਭ ਕਰ ਦਿੱਤੀ ਹੈ। ਇਸ ਸਬੰਧੀ ਥਾਣਾ ਮੁਖੀ ਬੇਗੋਵਾਲ ਹਰਪਾਲ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਲਾਸ਼ ਨੂੰ ਪੋਸਟਮਾਰਟਮ ਕਰਵਾ ਕੇ ਵਾਰਸਾਂ ਦੇ ਹਵਾਲੇ ਕਰ ਦਿੱਤੀ ਹੈ ਅਤੇ ਦੋਸ਼ੀ ਅਧਿਆਪਕਾਂਵਾਂ ਨੂੰ ਫੜਨ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

## ਮਾਣਯੋਗ ਕਾਰਪੋਰੇਸ਼ਨ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ



**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ**

ਮਿਊਂਸੀਪਲ ਕਰਮਚਾਰੀ ਦਲ ਦੇ ਚੇਅਰਮੈਨ ਵੀਰੇਸ਼ ਵਿਜੇ ਦਾਨਵ ਜੀ , ਪ੍ਰਧਾਨ ਚੌਧਰੀ ਯਸ਼ਪਾਲ ਜੀ ,ਲਵ ਦ੍ਰਾਵਿਡ ? ਜੀ ,ਦੇਵ ਰਾਜ ਅਸੁਰ ਜੀ ਵੱਲੋਂ ਕੱਚੇ ਮੁਲਾਜ਼ਮ ਪੱਕੇ ਕਰਨ ਦੇ ਲਈ ਸਥਾਨਕ ਸਰਕਾਰ ਪੰਜਾਬ ਵਲੋ ਮੁਲਾਜ਼ਮਾ ਨੂੰ ਪੱਕੇ ਕਰਨ ਲਈ ਕੀਤੇ ਨੋਟੀਫਿਕੇਸ਼ਨ ਅਤੇ ਪੱਤਰ ਨੰ. ਸ5-ਡਸਸ-ਮਸਸ-2022 / 13993 ਰਾਹੀ ਸਫਾਈ ਸੇਵਕ / ਸੀਵਰਮੈਨ ਕਰਮਚਾਰੂਆ ਨੂੰ ਪੱਕੇ ਕਰਨ ਦੀਆ ਕੀਤੀਆ ਹਦਾਇਤਾਂ ਨੂੰ ਲਾਗੂ ਕਰਨ ਲਈ ਮਾਣਯੋਗ ਕਾਰਪੋਰੇਸ਼ਨ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ ਗਿਆ।

ਇਸ ਮੌਕੇ ਤੇ ਮਿਉਂਸੀਪਲ ਕਰਮਚਾਰੀ ਦਲ ਦੇ ਅਕਸ਼ੈਰਾਜ,ਸੁਧੀਰ ਡਾਬਾ,ਸੁਨੀਲ ਹੰਸ, ਸੂਰਜ ਗਿੱਲ ਦੀਪਕ ਵੈਦ ਧਰਮਵੀਰ ਮੰਚਲ,ਕਨੋਜ ਦਾਨਵ ਹੀਰਾ ਗਿੱਲ,ਸੋਹਣਵੀਰ ਰਣੀਆ, ਵਿਕਾਸ ਤਲਵਾਰ,ਸੰਜੇ ਦਿਸਾਵਰ, ਗੌਬਿਨ ਅਟਵਾਲ,ਸੰਨੀ ਬਾਲੂ, ਰਾਜੂ ਮੋਹੀ, ਮਨੋਜ ਪੰਮੀ,ਵਿਜੈ ਰਾਜਪੂਤ, ਅਮਰਜੀਤ ਠੇਕੇਦਾਰ ਸੰਜੀਵ ਵੈਗੜਾ, ਦੀਪਕ ਖੋਖਰ ਰਾਜਿੰਦਰ ਸੁੱਖਾ ਰਾਜੀਵ ਗਿੱਲ ਸਾਜਨ ਅਜੇ ਲੋਹਟ ਭਾਸਕਰ ਗੋਗਲਾ ਵਿੱਕੀ ਸੰਗਰ ਆਦਿ ਹਾਜ਼ਰ ਸਨ।

## ਸ਼ਹਿਰ ਦੇ ਅਲੱਗ-ਅਲੱਗ ਹਿੱਸਿਆਂ ਵਿੱਚ ਪਹੁੰਚ ਕੇ ਐਸ ਐਸ ਪੀ ਪਟਿਆਲਾ ਨੇ ਲੋਕਾਂ ਦੇ ਨਾਲ ਮੁਲਾਕਾਤ ਕਰਕੇ ਮਨਾਈ ਪਰਸ਼ੂਰਾਮ ਜਯੰਤੀ



**ਪਟਿਆਲਾ/ਇਕਬਾਲ ਸਿੰਘ**

ਪਟਿਆਲਾ ਦੇ ਵੱਖ-ਵੱਖ ਹਿੱਸਿਆਂ ਵਿੱਚ ਐਸਐਸਪੀ ਪਟਿਆਲਾ ਨੇ ਲੋਕਾਂ ਨਾਲ ਮੁਲਾਕਾਤ ਕਰ ਮਨਾਇਆ ਪਰਸ਼ੂਰਾਮ ਜਯੰਤੀ ਸ਼ਹਿਰ ਵਿਚ ਭਾਈਚਾਰਾ ਕਾਇਮ ਰੱਖਣ ਲਈ ਵੱਲੋਂ ਮਨਾਈ ਗਈ ਇਸ ਦੌਰਾਨ ਸ਼ਹਿਰ ਦੇ ਮੰਦਿਰਾਂ ਵਿੱਚ ਸੁਰੱਖਿਆ ਦਾ ਜਾਇਜ਼ਾ ਲਿਆ ਅਤੇ ਲੋਕਾਂ ਨੂੰ ਆਪਸ ਵਿੱਚ ਸ਼ਾਂਤੀ ਨਾਲ ਮਿਲ ਜੁਲ ਕੇ ਰਹਿਣ ਦਾ ਸੰਦੇਸ਼ ਵੀ ਦਿੱਤਾ। ਉਨ੍ਹਾਂ ਨੇ ਕਿਹਾ ਕਿ ਹੈ ਅਸੀਂ ਹੀ ਸਾਂ ਜੋ ਸਾਰੇ ਮਿਲ ਕੇ ਇਸ ਮਾਹੌਲ ਇਸ ਭਾਈਚਾਰੇ ਨੂੰ ਸਹੀ ਰੱਖ ਸਕਦੇ ਹਾਂ ਸ਼ਾਂਤੀ ਅਤੇ ਏਕਤਾ ਨਾ ਰਹਿਣਾ ਚਾਹੀਦਾ ਹੈ।

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਡੀ.ਸੀ, ਏ.ਡੀ.ਸੀ ਨੇ ਲਿਆ ਨਿਕਾਸੀ ਪਾਇਪ ਦੀ ਉਸਾਰੀ ਦਾ ਜਾਇਜ਼ਾ, ਪਾਈਪ ਰਾਹੀਂ ਸੋਧਿਆ ਹੋਇਆ ਪਾਣੀ ਖੇਤਾਂ ਤੱਕ ਪਹੁੰਚਾਇਆ ਜਾਵੇਗਾ



**ਬਰਨਾਲਾ/ਕਰਨਪ੍ਰੀਤ ਧੰਦਰਾਲ**

ਬਰਨਾਲਾ ਵਿਖੇ ਸਥਿਤ ਸੀਵਰ ਟ੍ਰੀਟਮੈਂਟ ਪਲਾਂਟ ਦਾ ਸੋਧਿਆ ਹੋਈਆ ਪਾਣੀ 230 ਕਿਸਾਨਾਂ ਦੇ 1350 ਏਕੜ ਰਕਬੇ ਦੀ ਸਿੰਚਾਈ ਕਰੇਗਾ ਜਿਸ ਨਾਲ ਧਰਤੀ ਹੇਠਲੇ ਪਾਣੀ ਦੀ ਲਗਾਤਾਰ ਹੋ ਰਹੀ ਵਰਤੋਂ ਉੱਤੇ ਠੱਲ੍ਹ ਪਵੇਗੀ। ਡਿਪਟੀ ਕਮਿਸ਼ਨਰ ਬਰਨਾਲਾ ਸ਼੍ਰੀ ਹਰੀਸ਼ ਨਇਰ ਨੇ ਇਹ ਜਾਣਕਾਰੀ ਬਾਜਾਖਾਨਾ ਰੋਡ ਵਿਖੇ ਸਥਿਤ ਸੀਵਰ ਟ੍ਰੀਟਮੈਂਟ ਪਲਾਂਟ ਦੇ ਦੌਰੇ ਦੌਰਾਨ ਦਿੱਤੀ। ਉਹਨਾਂ ਨਾਲ ਵਧੀਕ ਡਿਪਟੀ ਕਮਿਸ਼ਨਰ ਬਰਨਾਲਾ ਸ਼੍ਰੀ ਅਮਿਤ ਬੈਂਬੀ ਵੀ ਮੌਜੂਦ ਸਨ। ਡੀ. ਸੀ. ਅਤੇ ਏ. ਡੀ. ਸੀ ਨੇ ਪਲਾਂਟ ਦਾ ਦੌਰਾ ਕੀਤਾ ਅਤੇ ਨਾਲ ਹੀ ਕਿਸਾਨਾਂ ਨੂ ਸੋਧਿਆ ਪਾਣੀ ਦੇਣ ਲਈ ਬਿਛਾਈ ਜਾ ਰਹੀ ਪਾਇਪ ਲਾਈਨ ਦੇ ਕੰਮ ਦਾ ਵੀ ਨਿਰੀਖਣ ਕੀਤਾ। ਉਹਨਾਂ ਸੀਵਰੇਜ ਵਿਭਾਗ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਿਭਾਗ ਵੱਲੋਂ 20 ਐਮ. ਐਲ. ਡੀ (ਮਿਲੀਅਨ ਲੀਟਰ ਪ੍ਰਤੀ ਦਿਨ) ਦਾ ਪਲਾਂਟ ਸੁਚੱਜੇ ਢੰਗ ਨਾਲ ਚਲਾਇਆ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਣ ਪਾਇਪਾਂ ਵਿਛਾਉਣ ਦਾ ਕੰਮ ਜ਼ੋਰਾਂ ਉੱਤੇ ਚੱਲ ਰਿਹਾ ਹੈ।

ਸ਼੍ਰੀ ਹਰੀਸ਼ ਨਇਰ ਨੇ ਦੱਸਿਆ ਕਿ ਇਹ ਕੰਮ ਭੂਮੀ ਰੱਖਿਆ ਵਿਭਾਗ ਵੱਲੋਂ ਰੂ 5.95 ਕਰੋੜ ਦੀ ਲਾਗਤ ਨਾਲ ਕੀਤਾ ਜਾ ਰਿਹਾ ਹੈ। ਇਸ ਨਿਕਾਸੀ ਨਾਲੇ ਦਾ ਕੰਮ 30 ਜੂਨ ਤੱਕ ਮੁਕੰਮਲ ਕਰ ਦਿੱਤਾ ਜਾਵੇਗਾ। ਉਹਨਾਂ ਦੱਸਿਆ ਕਿ ਸੋਧਿਆ ਹੋਈਆ ਪਾਣੀ ਕਰੀਬ 230 ਕਿਸਾਨਾਂ ਦੇ 1350 ਏਕੜ ਰਕਬੇ ਦੇ ਸਿੰਚਾਈ ਦੇ ਕੰਮ ਆਵੇਗਾ। ਸ਼੍ਰੀ ਨਇਰ ਨੇ ਕਿਹਾ ਕਿ ਅਜੋਕੇ ਸਮੇਂ ਚ ਜਦ ਧਰਤੀ ਹੇਠਲਾ ਪਾਣੀ ਖ਼ਤਮ ਹੋ ਰਿਹਾ ਪਾਣੀ, ਪੰਜਾਬ ਦੀ ਖੇਤੀਬਾੜੀ ਆਧਾਰਿਤ ਆਰਥਿਕਤਾ ਲਈ ਸਮੱਸਿਆ ਬਣਿਆ ਹੋਇਆ ਹੈ। ਇਸ ਤਕਨੀਕ ਰਾਹੀਂ ਵੱਡਮੁੱਲੇ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕਦਾ ਹੈ।

ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ਼੍ਰੀ ਅਮਿਤ ਬੈਂਬੀ ਨੇ ਦੱਸਿਆ ਕਿ ਸੋਧਿਆ ਹੋਈਆ ਪਾਣੀ ਉਹਨਾਂ ਇਲਾਕਿਆਂ ਚ ਸਿੰਚਾਈ ਕਰੇਗਾ ਜਿਥੇ ਹੁਣ ਟਿਊਬਵੇਲਾਂ ਤੋਂ ਧਰਤੀ ਹੇਠਲੇ ਪਾਣੀ ਦਾ ਇਸਤੇਮਾਲ ਕਰਦਿਆਂ ਸਿੰਚਾਈ ਕੀਤੀ ਜਾ ਰਹੀ ਹੈ। ਉਹਨਾਂ ਦੱਸਿਆ ਕਿ ਇਸ ਕੰਮ ਚ ਉੱਚ ਗੁਣਵੱਤਾ ਦਾ ਖਿਆਲ ਰੱਖਿਆ ਜਾ ਰਿਹਾ ਹੈ। ਇਸ ਮੌਕੇ ਐੱਸ. ਡੀ. ਓ ਸੀਵਰੇਜ ਬੋਰਡ ਸ਼੍ਰੀ ਰਜਿੰਦਰ ਕੁਮਾਰ, ਭੂਮੀ ਰੱਖਿਆ ਅਫ਼ਸਰ ਬਰਨਾਲਾ ਬਲਾਕ ਸ਼੍ਰੀ ਮਨਦੀਪ ਸਿੰਘ ਅਤੇ ਹੋਰ ਅਫ਼ਸਰ ਵੀ ਹਾਜ਼ਰ ਸਨ।

# ਪੰਜਾਬ ਸਰਕਾਰ ਵੱਖ-ਵੱਖ ਵਿਭਾਗਾਂ ਵਿੱਚ ਖਾਲੀ ਪਈਆਂ 26,454 ਅਸਾਮੀਆਂ ਦੀ ਭਰਤੀ ਕਰੇਗੀ - ਵਿਧਾਇਕ ਅਮਰਪਾਲ ਸਿੰਘ

## ਭਰਤੀ ਮੁਹਿੰਮ ਲਈ ਮੁੱਖ ਵਿਭਾਗਾਂ ਵਿੱਚ ਗ੍ਰਹਿ ਮਾਮਲੇ, ਸਕੂਲ ਸਿੱਖਿਆ, ਸਿਹਤ, ਬਿਜਲੀ ਅਤੇ ਤਕਨੀਕੀ ਸਿੱਖਿਆ ਸ਼ਾਮਿਲ



**ਬਟਾਲਾ/ਸੁਖਨਾਮ ਸਿੰਘ)**

ਨੌਜਵਾਨਾਂ ਨੂੰ ਰੁਜ਼ਗਾਰ ਦੇ ਲਾਹੇਵੰਦ ਮੌਕੇ ਪ੍ਰਦਾਨ ਕਰਨ ਲਈ ਪੰਜਾਬ ਸਰਕਾਰ ਨੇ ਵੱਡਾ ਫੈਸਲਾ ਲੈਂਦੇ ਹੋਏ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਖਾਲੀ ਪਈਆਂ 26,454 ਅਸਾਮੀਆਂ 'ਤੇ ਭਰਤੀ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਰਾਜ ਸਰਕਾਰ ਦਾ ਇਹ ਫੈਸਲਾ ਸੂਬੇ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਸਰਕਾਰੀ ਖੇਤਰ ਵਿੱਚ ਸੇਵਾ ਕਰਨ ਦਾ ਬੇਹਤਰੀਨ ਮੌਕਾ ਦੇਵੇਗਾ। ਇਹ ਪ੍ਰਗਟਾਵਾ ਕਰਦਿਆਂ ਵਿਧਾਨ ਸਭਾ ਹਲਕਾ ਬਟਾਲਾ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਨੇ ਦੱਸਿਆ ਕਿ ਇਹ ਅਸਾਮੀਆਂ ਗਰੁੱਪ ਏ, ਬੀ ਅਤੇ ਸੀ ਨਾਲ ਸਬੰਧਤ ਹਨ। ਇਸ ਪ੍ਰਕਿਰਿਆ ਵਿੱਚ ਮੁੱਖ ਤੌਰ 'ਤੇ ਗ੍ਰਹਿ ਮਾਮਲੇ, ਸਕੂਲ ਸਿੱਖਿਆ, ਸਿਹਤ, ਬਿਜਲੀ ਅਤੇ ਤਕਨੀਕੀ ਸਿੱਖਿਆ ਵਿਭਾਗ ਸ਼ਾਮਿਲ ਹੋਣਗੇ। ਉਨ੍ਹਾਂ ਕਿਹਾ ਰਾਜ ਸਰਕਾਰ ਨੇ ਸਬੰਧਤ ਪ੍ਰਸ਼ਾਸਨਿਕ ਵਿਭਾਗਾਂ ਨੂੰ ਪਾਰਦਰਸ਼ੀ, ਨਿਰਪੱਖ ਅਤੇ ਸਮਾਂਬੱਧ ਭਰਤੀ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ ਅਤੇ ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਗਰੁੱਪ-ਸੀ ਦੀਆਂ ਅਸਾਮੀਆਂ ਦੀ ਭਰਤੀ ਲਈ ਇੰਟਰਵਿਊ ਨਹੀਂ ਲਈ ਜਾਵੇਗੀ। ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਨੇ ਕਿਹਾ ਕਿ ਰਾਜ ਸਰਕਾਰ ਦਾ ਇਹ ਫੈਸਲਾ ਰੁਜ਼ਗਾਰ ਮੁਹੱਈਆ ਕਰਵਾਉਣ ਦੇ ਟੀਚੇ ਨੂੰ ਪ੍ਰਾਪਤ ਕਰਨ ਵਿੱਚ ਸਹਾਈ ਹੋਵੇਗਾ। ਇਸ ਤੋਂ ਇਲਾਵਾ ਇਹ ਕਦਮ ਸਰਕਾਰੀ ਵਿਭਾਗਾਂ ਦੇ ਕੰਮਕਾਜ ਨੂੰ ਵੀ ਬੇਹਤਰ ਕਰੇਗਾ ਕਿਉਂਕਿ ਉਹ ਜਿੱਥੇ ਇਹ ਇੱਕ ਪਾਸੇ ਲੋੜੀਂਦੇ ਮਨੁੱਖੀ ਸਰੋਤ ਨਾਲ ਕੰਮ ਕਰਨਾ ਸ਼ੁਰੂ ਕਰਨਗੇ, ਉਥੇ ਦੂਜੇ ਪਾਸੇ ਰਾਜ ਦੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਪ੍ਰਦਾਨ ਕਰਨਗੇ।

# ਦਾਣਾ ਮੰਡੀ ਮੀਆਂਵਿੰਡ ਦੇ ਪੱਲੇਦਾਰਾਂ ਨੇ ਮੰਡੀ ਵਿੱਚੋਂ ਕਣਕ ਨਾ ਚੁੱਕਣ ਤੇ ਟੈਂਡਰ ਲੈਣ ਵਾਲੇ ਲੋਕਾਂ ਅਤੇ ਪੰਜਾਬ ਸਰਕਾਰ ਖਿਲਾਫ ਕੀਤੀ ਨਾਅਰੇਬਾਜ਼ੀ



**ਖਡੂਰ ਸਾਹਿਬ/ਜੱਜ ਕੰਡਾ**

ਦਾਣਾ ਮੰਡੀ ਮੀਆਂਵਿੰਡ ਵਿਖੇ ਕੰਮ ਕਰਦੇ ਪੱਲੇਦਾਰਾਂ ਅਤੇ ਮਜ਼ਦੂਰਾਂ ਨੇ ਇਕੱਤਰ ਹੋ ਕੇ ਟੈਂਡਰ ਮਾਲਕ ਅਤੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਜਤਿੰਦਰ ਸਿੰਘ, ਜਸਵੰਤ ਸਿੰਘ, ਸਤਨਾਮ ਸਿੰਘ ,ਮਨਦੀਪ ਸਿੰਘ ਬਲਵਿੰਦਰ ਸਿੰਘ, ਹਰਪ੍ਰੀਤ ਸਿੰਘ, ਲਾਟੀ ਸਿੰਘ ,ਪਰਗਟ ਸਿੰਘ ,ਲਵਪ੍ਰੀਤ ਸਿੰਘ ,ਸ਼ਮਸ਼ੇਰ ਸਿੰਘ, ਸੁਰਿੰਦਰਪਾਲ ਸਿੰਘ, ਸਿਮਰਨਜੀਤ ਸਿੰਘ, ਲਵਪ੍ਰੀਤ ਸਿੰਘ ,ਦਾਰਾ ਸਿੰਘ ,ਅਵਤਾਰ ਸਿੰਘ ਰੂਪਾ ਸਿੰਘ ਆਦਿ ਨੇ ਕਿਹਾ ਕਿ 10 ਦਿਨਾਂ ਤੋਂ ਵੱਧ ਦਾ ਸਮਾਂ ਹੋ ਚੁੱਕਿਆ ਹੈ ਅਸੀਂ ਵਿਹਲੇ ਬੈਠੇ ਹਾਂ ਕਣਕ ਸਰਕਾਰ ਜਾਂ ਆੜ੍ਹਤੀਆਂ ਦੀ ਹੈ ਪਰ ਰਾਖੀ ਸਾਨੂੰ ਕਰਨੀ ਪੈ ਰਹੀ ਹੈ ਉਨ੍ਹਾਂ ਕਿਹਾ ਕਿ ਰਾਤ ਨੂੰ ਕਈ ਵਾਰ ਹਥਿਆਰਬੰਦ ਵਿਅਕਤੀ ਆ ਕੇ ਕਣਕ ਚੁੱਕਣ ਦੀ ਕੋਸ਼ਿਸ਼ ਕਰਦੇ ਹਨ ਅਤੇ ਕਣਕ ਚੁੱਕ ਕੇ ਲੈ ਜਾਂਦੇ ਹਨ ਇਸ ਲਈ ਅਸੀਂ ਕਣਕ ਦੀਆਂ ਬੋਰੀਆਂ ਨੂੰ ਦਸ ਦਸ ਰਾਤ ਨੂੰ ਰਾਖੀ ਕਰਦੇ ਹਾਂ ਜੇਕਰ ਸਾਡੀ ਜਾਨ ਮਾਲ ਦਾ ਕੋਈ ਨੁਕਸਾਨ ਹੋਏਗਾ ਇਹਦੇ ਜ਼ਿੰਮੇਵਾਰ ਪੰਜਾਬ ਸਰਕਾਰ ਹੋਵੇਗੀ ।ਪੱਲੇਦਾਰਾਂ ਨੇ ਦੱਸਿਆ ਹੈ ਕਿ ਜੇਕਰ ਕਣਕ ਦੀ ਕੋਈ ਚੋਰੀ ਹੋ ਜਾਂਦੀ ਹੈ ਤਾਂ ਉਸ ਦੀ ਘਾਟ ਗ਼ਰੀਬ ਪੱਲੇਦਾਰਾਂ ਨੂੰ ਪਾ ਦਿੱਤੀ ਜਾਂਦੀ ਹੈ ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਜਲਦੀ ਤੋਂ ਜਲਦੀ ਦਾਣਾਮੰਡੀ ਮੀਆਂਵਿੰਡ ਵਿਖੇ ਕਣਕ ਚੁਕਾਈ ਜਾਵੇ ਤਾਂ ਜੋ ਅਸੀਂ ਵੀ ਆਪਣੇ ਘਰ ਜਾ ਕੇ ਮਿਹਨਤ ਮਜ਼ਦੂਰੀ ਕਰੀਏ।

# ਐੱਸ.ਡੀ.ਐੱਮ. ਬਟਾਲਾ ਵਲੋਂ ਕਿਸਾਨਾਂ ਨੂੰ ਖੇਤਾਂ ਵਿਚਲੇ ਨਾੜ ਜਾਂ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਤੇ ਝੋਨੇ ਦੀ ਸਿੱਧੀ ਬਿਜਾਈ ਕਰਨ ਦੀ ਅਪੀਲ

**ਬਟਾਲਾ/ਸੁਖਨਾਮ ਸਿੰਘ**



ਐੱਸ.ਡੀ.ਐੱਮ. ਬਟਾਲਾ ਰਾਮ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਝੋਨੇ ਦੀ ਫਸਲ ਦੀ ਬੀਜਣ ਤੋਂ ਪਹਿਲਾਂ ਖੇਤਾਂ ਵਿਚਲੇ ਨਾੜ ਜਾਂ ਰਹਿੰਦ-ਖੂੰਹਦ ਨੂੰ ਅੱਗ ਬਿਲਕੁਲ ਨਾ ਲਗਾਉਣ ਤੇ ਝੋਨੇ ਦੀ ਸਿੱਧੀ ਬਿਜਾਈ ਨੂੰ ਤਰਜੀਹ ਦੇਣ।

ਝੋਨੇ ਦੀ ਸਿੱਧੀ ਬਿਜਾਈ ਦੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਇਸ ਨਾਲ ਫਸਲ ਦਾ ਕੱਦ ਜ਼ਿਆਦਾ ਵੱਧਦਾ ਨਹੀਂ ਹੈ, ਜਿਸ ਨਾਲ ਮੀਂਹ ਹਨੇਰੀ ਵਿਚ ਫਸਲ ਡਿੱਗਣ ਦਾ ਡਰ ਨਹੀਂ ਰਹਿੰਦਾ ਤੇ ਨਾ ਹੀ ਬਹੁਤੀ ਪਰਾਲੀ ਦੀ ਖੱਪਾਈ ਰਹਿੰਦੀ ਹੈ। ਉਨਾਂ ਦੱਸਿਆ ਕਿ ਝੋਨੇ ਦੀ ਸਿੱਧੀ ਬਿਜਾਈ ਕਰਨ ਨਾਲ ਲੇਬਰ, ਡੀਜ਼ਲ ਤੇ ਯੂਰੀਏ ਦੀ ਬਚਤ ਕੀਤੀ ਜਾ ਸਕਦੀ ਹੈ। ਉਨਾਂ ਅਪੀਲ ਕੀਤੀ ਕਿ ਉਹ ਝੋਨੇ ਦੀ ਸਿੱਧੀ ਬਿਜਾਈ ਜਰੂਰ ਕਰਨ ਅਤੇ ਹੋਰ ਫਸਲਾਂ ਦੇ ਸਹਾਇਕ ਧੰਦੇ ਵੀ ਅਪਣਾਉਣ।

ਐੱਸ.ਡੀ.ਐੱਮ. ਬਟਾਲਾ ਰਾਮ ਸਿੰਘ ਨੇ ਅੱਗੇ ਕਿਹਾ ਕਿ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ, ਜ਼ਮੀਨ ਦੀ ਉਪਜਾਊਂ ਸ਼ਕਤੀ ਬਰਕਰਾਰ ਰੱਖਣ ਅਤੇ ਮਿੱਤਰ ਕੀੜਿਆਂ ਨੂੰ ਨਸ਼ਟ ਹੋਣ ਤੋਂ ਬਚਾਉਣ ਲਈ ਨਾੜ ਨੂੰ ਅੱਗ ਬਿਲਕੁਲ ਨਾ ਲਾਉਣ। ਉਨਾਂ ਕਿਹਾ ਕਿ ਕਿ ਕਣਕ ਦੇ ਨਾੜ ਨੂੰ ਅੱਗ ਲਗਾਉਣ ਦੀ ਬਜਾਇ ਪਸ਼ੂਆਂ ਦੇ ਚਾਰੇ ਲਈ ਦੀ ਤੂੜੀ ਬਣਾਈ ਜਾ ਸਕਦੀ ਹੈ ਜਾਂ ਇਸ ਨੂੰ ਵੇਚ ਕੇ ਆਪਣੀ ਆਮਦਨ ਵੀ ਵਧਾਈ ਜਾ ਸਕਦੀ ਹੈ। ਉਨਾਂ ਅੱਗੇ ਕਿਹਾ ਕਿ ਕਿਸਾਨ ਖੇਤੀ ਦੇ ਨਵੇਂ ਸੰਦਾਂ ਹੈਪੀਸੀਡਰ, ਰੋਟਾਵੇਟਰ ਤੇ ਮਲਚਰ ਆਦਿ ਦੀ ਵਰਤੋਂ ਕਰਨ ਅਤੇ ਫਸਲ ਦੀ ਰਹਿੰਦ-ਖੂੰਹਦ ਨੂੰ ਪੈਲੀ ਵਿਚ ਵਾਹ ਕੇ ਹੀ ਅਗਲੀ ਫਸਲ ਬੀਜਣ। ਕਿਸਾਨ ਵੀਰ ਝੋਨੇ ਦੀ ਸਿੱਧੀ ਬਿਜਾਈ ਸਬੰਧੀ ਵਧੇਰੇ ਜਾਣਕਾਰੀ ਲੈਣ ਲਈ ਆਪਣੇ ਨੇੜਲੇ ਖੇਤੀਬਾੜੀ ਦਫਤਰ ਨਾਲ ਸੰਪਰਕ ਕਰਨ।